# ਲਗਾਤਾਰ ਅਤੇ ਸਮੁੱਚਾ ਮੁਲਾਂਕਣ-ਇੱਕ ਅਧਿਐਨ

ਜੇਕਰ ਥੋੜ੍ਹੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਸਿੱਖਿਆ ਉਹ ਹੈ ਜੋ ਵਰਤਮਾਨ ਸਮਾਜ ਵਿੱਚ ਰਹਿੰਦੇ ਹੋਏ ਮੁਨੱਖ ਦੀਆਂ ਜਰੂਰਤਾਂ ਪੂਰੀਆਂ ਕਰਨ ਅਤੇ ਸਦੀਵੀ ਜੀਵਨ ਮੁੱਲਾਂ ਦੀ ਪ੍ਰਾਪਤੀ ਲਈ ਉਸ ਨੂੰ ਯੋਗ ਬਣਾਵੇ।ਮੌਜੂਦਾ ਸਮੇਂ ਵਿੱਚ ਹਰੇਕ **ਪਿੜ** ਅੰਦਰ ਮੁਕਾਬਲਾ ਬਹੁਤ ਵੱਧ ਗਿਆ ਹੈ ਅਤੇ ਇਸ ਨਾਲ਼ ਬੱਚਿਆਂ ਕੋਲੋਂ ਮਾਂ-ਬਾਪ ਦੀਆਂ **ਆਸਾਂ** ਵੀ ਬਹੁਤ ਵਧ ਗਈਆਂ ਹਨ।ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਬੱਚੇ-ਬੱਚੀਆਂ ਦੇ ਦਿਮਾਗ ਤੇ ਭਾਰ ਪਿਆ ਹੈ ਅਤੇ ਉਹਨਾਂ ਅੰਦਰ ਚਿੰਤਾ ਅਤੇ ਅਸੰਤੋਸ਼ ਵਧਿਆ ਹੈ।ਸਿੱਖਿਆ ਪ੍ਰਕ੍ਰਿਆ ਦੌਰਾਨ ਅਨੰਦ ਦਾ ਜੋ ਅਹਿਸਾਸ ਹੋਣਾ ਚਾਹੀਦਾ ਹੈ, ਉਹ ਅਜਿਹੇ ਭਾਰ, ਚਿੰਤਾ ਅਤੇ ਅਸੰਤੋਸ਼ ਕਾਰਨ ਨਹੀਂ ਹੋ ਰਿਹਾ ਅਤੇ ਬੱਚੇ-ਬੱਚੀਆਂ ਸਰੀਰਕ ਅਤੇ ਮਾਨਸਿਕ ਪੱਖ ਤੋਂ ਕਾਫੀ ਦੱਬੇ ਗਏ ਹਨ।

ਸਿੱਖਿਆ ਦੀ ਰਾਸ਼ਟਰੀ ਨੀਤੀ (National Policy of Education-1986) ਅਤੇ ਪ੍ਰੋਗ੍ਰਾਮ ਆੱਫ ਐਕਸ਼ਨ 1992 ਅਨੁਸਾਰ ਸਿੱਖਿਆਰਥੀ ਦੇ ਲਗਾਤਾਰ ਅਤੇ ਸਮੁੱਚੇ ਮੁਲਾਂਕਣ ਤੇ ਜ਼ੋਰ ਦਿੱਤਾ ਗਿਆ ਹੈ ਜਿਸ ਨੂੰ ਅਪਨਾਉਣ ਨਾਲ਼ ਸਕੂਲੀ ਸਿੱਖਿਆ ਅੰਦਰ ਗੁਣਾਤਮਿਕਤਾ (**Quality)** ਦੀ ਪੱਧਰ ਤੇ ਬਹੁਤ ਸੁਧਾਰ ਹੋ ਸਕਦਾ ਹੈ।ਹਰੇਕ ਪੱਧਰ ਦੀ ਸਕੂਲੀ ਸਿੱਖਿਆ ਲਈ ਤਿਆਰ ਕੀਤਾ ਗਿਆ NCF-2005 ਬੱਚੇ/ਬੱਚੀਆਂ ਦਾ ਲਗਾਤਾਰ ਸਮੁੱਚਾ ਮੁਲਾਂਕਣ ਕਰਨ ਦੀ ਨੀਤੀ ਅਪਨਾਉਣ ਤੇ ਜ਼ੋਰ ਦਿੰਦਾ ਹੈ।

**ਇਸੇ ਸੰਦਰਭ ਵਿੱਚ ਕੇਂਦਰੀ ਸਰਕਾਰ ਨੇ ਆਰਟੀਕਲ 21 (ਏ) 2002 ਵਿੱਚ ਕੀਤੀ 86 ਵੀਂ ਸੋਧ ਅਨੁਸਾਰ ਐਲੀਮੈਂਟਰੀ ਸਿੱਖਿਆ ਪ੍ਰਾਪਤੀ ਨੂੰ ਬੱਚੇ ਦਾ ਮੁੱਢਲਾ ਅਧਿਕਾਰ ਦੱਸਿਆ ਹੈ। ਆਰ.ਟੀ.ਈ ਐਕਟ 2009 ਦੇ ਨੰ. 35, 2009 ਅਨੁਸਾਰ 6 ਤੋਂ 14 ਸਾਲ ਦੀ ਉਮਰ ਦੇ ਬੱਚੇ ਲਈ ਮੁਫ਼ਤ ਅਤੇ ਜਰੂਰੀ ਸਿੱਖਿਆ ਦਾ ਅਧਿਕਾਰ ਦੇਣ ਲਈ ਕਿਹਾ ਗਿਆ ਹੈ। ਬੱਚੇ ਦਾ ਇਹ ਮੌਲਿਕ ਅਧਿਕਾਰ ਭਾਰਤ ਸਰਕਾਰ ਦੇ ਗਜ਼ਟ ਵਿੱਚ 27-08-2009 ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਸ ਤੋਂ ਇਕ ਕਦਮ ਹੋਰ ਅੱਗੇ ਭਾਰਤ ਸਰਕਾਰ ਦੇ ਗਜ਼ਟ ਵਿੱਚ 16-02-2010 ਨੂੰ ਨੋਟ ਕੀਤਾ ਗਿਆ ਕਿ ਇਹ ਐਕਟ ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਬਾਕੀ ਸਾਰੇ ਭਾਰਤ ਵਿੱਚ ਲਾਗੂ ਹੋਵੇਗਾ। ਇਸ ਲਈ ਆਰ.ਟੀ.ਈ. 2009 ਦੀ ਧਾਰਾ (clause) 29(1) ਅਤੇ 29(2) ਨੂੰ ਲਾਗੂ ਕਰਨਾ ਅਤਿ ਜ਼ਰੂਰੀ ਹੈ।**

## ਲਗਾਤਾਰ ਮੁਲਾਂਕਣ ਕੀ ਹੈ?

- ਮੁਲਾਂਕਣ ਰੈਗੂਲਰ ਅਤੇ ਲਗਾਤਾਰ ਹੁੰਦਾ ਹੈ।ਇਸ ਤਹਿਤ ਬੱਚੇ/ਬੱਚੀਆਂ ਦੀ ਪੂਰੇ ਅਕਾਦਮਿਕ ਵਰ੍ਹੇ ਦੀ ਪ੍ਰਾਪਤੀ ਦੀ ਜਾਂਚ ਹੁੰਦੀ ਹੈ।
- ਇਹ ਜਾਂਚ ਦੋਵੇਂ-ਸਿੱਖਣ ਅਤੇ ਸਿਖਾਉਣ ਪ੍ਰਕ੍ਰਿਆ ਨਾਲ਼ ਜੁੜੀ ਹੋਈ ਹੈ।
- ਇਹ ਵਿੱਦਿਅਕ ਅਤੇ ਸਹਿ-ਵਿੱਦਿਅਕ ਭਾਵ ਦੋਹਾਂ ਖੇਤਰਾਂ ਵਿੱਚ ਹੁੰਦੀ ਹੈ।
- ਇਸ ਅਨੁਸਾਰ ਸਿੱਖਣ ਦੌਰਾਨ ਰਹਿ ਗਈਆਂ ਤਰੁੱਟੀਆਂ (**Gaps**) ਨੂੰ ਪਛਾਨਣ ਉਪਰੰਤ ਬੱਚੇ/ਬੱਚੀਆਂ ਦਾ ਲੋੜੀਂਦਾ ਉਪਚਾਰ (**Treatment**) ਕਰ ਕੇ ਉਹਨਾਂ ਦੀਆਂ ਸਿੱਖਣ ਕੁਸ਼ਲਤਾਵਾਂ ਦਾ ਵਿਕਾਸ ਕਰਨਾ ਹੈ।
- ਇਸ ਦਾ ਮਤਲਬ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਪ੍ਰਤੀਸੂਚਨਾ (feed back) ਦੇਣਾ ਅਤੇ ਵਿਦਿਆਰਥੀਆਂ ਨੂੰ ਸਵੈ-ਮੁਲਾਂਕਣ ਕਰਨ ਦੇ ਮੌਕੇ ਦੇਣਾ ਹੈ।

## ਸਮੁੱਚਾ ਮੁਲਾਂਕਣ ਕੀ ਹੈ?

- ਇਹ ਬੱਚੇ/ਬੱਚੀਆਂ ਦੀ ਵਿੱਦਿਅਕ ਖੇਤਰ ਅਤੇ ਸਹਿ-ਵਿੱਦਿਅਕ ਖੇਤਰ ਵਿੱਚ ਪ੍ਰਾਪਤੀਆਂ ਦੀ ਸਮੁੱਚੇ ਰੂਪ ਵਿੱਚ ਜਾਂਚ ਹੈ।
- ਇਹ ਬੱਚੇ/ਬੱਚੀਆਂ ਦੇ ਗਿਆਨ ਸੰਬੰਧੀ, ਵਿਅਕਤੀਗਤ- ਸਮਾਜਿਕ ਅਤੇ ਮਨ ਰਾਹੀਂ ਸੰਚਾਲਿਤ (Psycomotor) ਖੇਤਰਾਂ ਵਿੱਚ ਵਿਕਾਸ ਦੀ ਜਾਂਚ ਹੁੰਦੀ ਹੈ।
- ਅਜਿਹੀ ਜਾਂਚ ਭਿੰਨ ਭਿੰਨ ਉਪਕਰਨ (Tools) ਅਤੇ ਤਕਨੀਕਾਂ ਰਾਹੀਂ ਕੀਤੀ ਜਾਂਦੀ ਹੈ। ਇਸ ਰਾਹੀਂ ਬੱਚੇ/ਬੱਚੀਆਂ ਦੀ ਬੁੱਧੀ, ਸਮਝ, ਗਿਆਨ ਦੀ ਵਰਤੋਂ, ਸਿੱਖੇ ਹੋਏ ਸੰਕਲਪਾਂ ਨੂੰ ਘੋਖਣਾ, ਮੁਲਾਂਕਣ ਕਰਨਾ ਅਤੇ ਗਿਆਨ ਦਾ ਨਿਰਮਾਣ ਕਰਨ ਦੀ ਸੂਝ ਨੂੰ ਪਰਖ਼ਣਾ ਹੈ।

## ਰਚਨਾਤਮਿਕ (Formative) ਮੁਲਾਂਕਣ ਕੀ ਹੈ?

- ਇਸ ਮੁਲਾਂਕਣ ਰਾਹੀਂ ਅਧਿਆਪਕ ਬੱਚੇ ਦੀ ਬਿਨਾ ਕਿਸੇ ਡਰ ਦੇ (non threatening) ਅਤੇ ਉਸ ਦੇ ਸਹਿਯੋਗ ਨਾਲ਼ (child friendly) ਉਸ ਦੀ ਜਾਂਚ ਕਰਦਾ ਹੈ ਅਤੇ ਇਹ ਜਾਂਚ ਸਾਰਾ ਸਾਲ ਚਲਦੀ ਹੈ।
- ਇਸ ਦੌਰਾਨ ਬੱਚੇ ਦੀ ਸਕੂਲ ਵਿਖੇ ਆਉਣ ਤੋਂ ਪਹਿਲਾਂ ਦੇ ਸਿੱਖੇ ਹੋਏ ਅਨੁਭਵਾਂ ਅਤੇ ਗਿਆਨ ਨੂੰ ਵੀ ਤਵੱਜੋਂ ਦਿੱਤੀ ਜਾਂਦੀ ਹੈ।
- ਇਸ ਨਾਲ਼ ਪ੍ਰਤੀ ਸੂਚਨਾ (feed back) ਜਲਦੀ ਮਿਲਦੀ ਹੈ।

➢ ਬੱਚਿਆਂ ਦੀ ਕਾਰਗੁਜ਼ਾਰੀ ਦਾ ਵਿਕਾਸ ਹੁੰਦਾ ਹੈ ਅਤੇ ਇਹ ਉਹਨਾਂ **ਅੰਦਰ** ਸਵੈਮਾਣ (self esteem) ਨੂੰ ਪ੍ਰਫੁੱਲਤ ਕਰਦੀ ਹੈ।

➢ ਅਧਿਆਪਕਾਂ ਨੂੰ ਪ੍ਰਤੀਸੂਚਨਾ ਦੇ ਆਧਾਰ ਤੇ ਆਪਣੇ ਸਿਖਾਉਣ ਢੰਗਾਂ ਵਿੱਚ ਪਰਿਵਰਤਨ ਲਿਆਉਣ ਦਾ ਮੌਕਾ ਦਿੰਦੀ ਹੈ।

➢ ਸਮੂਹਿਕ ਗਤੀਵਿਧੀਆਂ ਪ੍ਰਫੁੱਲਤ ਹੁੰਦੀਆਂ ਹਨ।

➢ **ਪ੍ਰਤੀਕਾਰਜ** (ਜਿੰਮੇ ਲਾਇਆ ਕੰਮ) (assignments), ਪ੍ਰਾਜੈਕਟ, ਪ੍ਰੈਕਟੀਕਲ, ਜਮਾਤ ਦਾ ਕੰਮ, ਜ਼ੁਬਾਨੀ **ਮੁਲਾਂਕਣ** ਆਦਿ ਰਚਨਾਤਮਿਕ ਮੁਲਾਂਕਣ ਦੀਆਂ ਕੁੱਝ ਉਦਾਹਰਨਾਂ ਹਨ।

**ਸੰਕਲਿਤ (Summative) ਮੁਲਾਂਕਣ ਕੀ ਹੈ?**

➢ ਕੋਰਸ ਦਾ ਕੁੱਝ ਹਿੱਸਾ ਪੜ੍ਹਾ ਕੇ ਇੱਕ ਮਿੱਥੇ ਸਮੇਂ ਤੋਂ ਬਾਅਦ ਜ਼ੁਬਾਨੀ/ਲਿਖਤੀ **ਮੁਲਾਂਕਣ** ਸੰਕਲਿਤ ਮੁਲਾਂਕਣ ਹੈ।ਅਜਿਹਾ ਮੁਲਾਂਕਣ ਇਸ ਗੱਲ ਦਾ ਨਿਚੋੜ ਕੱਢਦਾ ਹੈ ਕਿ ਵਿਦਿਆਰਥੀ ਨੇ **ਮਿੱਥੇ ਸਮੇਂ ਦੌਰਾਨ** ਕੋਰਸ ਦਾ ਕਿੰਨਾ ਹਿੱਸਾ ਗ੍ਰਹਿਣ ਕਰ ਲਿਆ ਹੈ।ਇਹ ਮੁਲਾਂਕਣ ਸਿਰਫ ਸਰਟੀਫਿਕੇਟ ਦੇਣ ਦੇ ਉਦੇਸ਼ ਨਾਲ਼ ਕੀਤਾ ਜਾਂਦਾ ਹੈ।

➢ ਇਸ ਨਾਲ਼ ਸਿੱਖਿਆਰਥੀ ਦੇ ਸੰਪੂਰਨ ਵਿਕਾਸ ਨੂੰ ਨਹੀਂ ਜਾਂਚਿਆ ਜਾ ਸਕਦਾ।

➢ ਅਜਿਹੀ ਮੁਲਾਂਕਣ ਪ੍ਰਕ੍ਰਿਆ ਕਾਰਨ ਬੱਚੇ/ਬੱਚੀਆਂ ਅਤੇ ਉਹਨਾਂ ਨਾਲ਼ ਸਬੰਧਤ ਸਮੂਹ ਵਿਅਕਤੀਆਂ ਅੰਦਰ ਚਿੰਤਾ ਅਤੇ ਤਨਾਓ ਪੈਦਾ ਹੁੰਦਾ ਹੈ।

➢ ਇਸ ਕਾਰਨ ਖ਼ਤਰਨਾਕ ਰੁਝਾਨ ਭਰੇ ਮੁਕਾਬਲੇ ਦਾ ਵਾਤਾਵਰਨ ਪੈਦਾ ਹੁੰਦਾ ਹੈ।

➢ ਇਸ ਨਾਲ ਸਿਰਫ ਰੱਟਾ ਪ੍ਰਣਾਲੀ ਦਾ ਵਿਕਾਸ ਹੀ ਹੁੰਦਾ ਹੈ।

**ਸਹਿਵਿਦਿੱਅਕ ਮੁਲਾਂਕਣ (Co-Scholastic Assessment)**

ਸਹਿਵਿੱਦਿਅਕ **ਮੁਲਾਂਕਣ** ਅਜਿਹੀ ਜਾਂਚ ਹੈ ਜਿਸ ਦੇ ਤਹਿਤ ਜੀਵਨ ਜਾਂਚ ਦੀਆਂ ਕੁਸ਼ਲਤਾਵਾਂ, ਵਤੀਰੇ ਮੁਤਾਬਕ ਇੱਛਤ ਵਿਵਹਾਰ, ਰੁਚੀਆਂ, **ਵਿਅਕਤੀਗਤ ਅਤੇ ਸਮਾਜਿਕ** ਮੁੱਲਾਂ, ਪਾਠ-ਕ੍ਰਮ ਸਹਾਇਕ ਗਤੀਵਿਧੀਆਂ, ਸਰੀਰਕ **ਅਤੇ ਮਾਨਸਿਕ ਸਿਹਤ** ਆਦਿ ਦੀ ਜਾਂਚ ਕੀਤੀ ਜਾਂਦੀ ਹੈ ।

**ਲ਼ਗਾਤਾਰ ਸਮੁੱਚੇ ਮੁਲਾਂਕਣ ਨਾਲ ਸੰਬੰਧਿਤ ਪਰਿਭਾਸ਼ਕ ਸ਼ਬਦਾਵਲੀ:-**

➢ **ਵਿੱਦਿਅਕ (Scholastic):-** ਅਜਿਹੇ ਪੱਖ (aspects) ਜੋਕਿ ਬੁੱਧੀ ਜਾਂ ਦਿਮਾਗ ਨਾਲ਼ ਸਬੰਧ ਰੱਖਦੇ ਹਨ।ਇਸ ਦਾ ਮਤਲਬ ਸਿੱਖਿਆਰਥੀ ਦੀ ਪਾਠਕ੍ਰਮ ਤਹਿਤ

ਨਿਰਧਾਰਤ ਵਿਸ਼ਿਆਂ, ਪ੍ਰਤੀਕਾਰਜ (assignments), ਜਮਾਤ ਦਾ ਕੰਮ, ਘਰ ਦਾ ਕੰਮ, ਪ੍ਰਾਜੈਕਟ, ਪ੍ਰੈਕਟੀਕਲ, ਜ਼ੁਬਾਨੀ ਟੈਸਟ ਆਦਿ ਤੋਂ ਹੈ।

- **<u>ਸਹਿ-ਵਿਦਿਅਕ (Co- Scholastic)</u>**:- ਅਜਿਹੇ ਪੱਖ ਜਿਨ੍ਹਾਂ ਦਾ ਸਬੰਧ ਹੱਥੀਂ ਕੰਮ ਕਰਨ ਅਤੇ ਦਿਲ-ਦਿਮਾਗ ਨਾਲ਼ ਹੁੰਦਾ ਹੈ।ਇਹਨਾਂ ਕ੍ਰਿਆਵਾਂ ਵਿੱਚ ਸਰੀਰਕ ਵਿਕਾਸ,ਜੀਵਨਜਾਂਚ ਸਬੰਧੀ ਕੁਸ਼ਲਤਾਵਾਂ,ਦ੍ਰਿਸ਼ਟੀਕੋਣ,ਜੀਵਨ ਮੁੱਲਾਂ,ਰੁਚੀਆਂ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ਼ ਹੁੰਦਾ ਹੈ।
- **<u>ਗਿਆਨ ਸੰਬੰਧੀ (Cognitive)</u>:-** ਸਮੁੱਚੇ ਰੂਪ ਵਿੱਚ ਵਿਸ਼ਾ ਵਸਤੂ ਨੂੰ ਸਮਝਣ ਅਤੇ ਉਸ ਬਾਰੇ ਪੂਰੀ ਸਮਝ ਬਣਾ ਲੈਣ ਦੀ ਮਾਨਸਿਕ ਪ੍ਰਕ੍ਰਿਆ ਹੈ।
- **<u>ਵਿਚਾਰ ਸੰਬੰਧੀ (Affective)</u>**:- ਇਹ ਖੇਤਰ ਭਾਵਨਾਵਾਂ ਅਤੇ ਦ੍ਰਿਸ਼ਟੀਕੋਣ (attitude) ਨਾਲ ਸੰਬੰਧਿਤ ਹੈ।
- **<u>ਮਨ ਰਾਹੀਂ ਸੰਚਾਲਿਤ (Psychomotor)</u>**:- ਇਸ ਖੇਤਰ ਦਾ ਮਤਲਬ ਮਾਸਪੇਸ਼ੀਆਂ ਅਤੇ ਮਨੋਵਿਗਿਆਨ ਦੇ ਆਪਸੀ ਤਾਲਮੇਲ ਨਾਲ਼ ਹੈ।

**<u>ਲਗਾਤਾਰ ਅਤੇ ਸਮੁੱਚੇ ਮੁਲਾਂਕਣ ਦੀਆਂ ਵਿਸ਼ੇਸ਼ਤਾਵਾਂ (Salient Features of CCE)</u>**

- ਲਗਾਤਾਰ ਅਤੇ ਸਮੁੱਚਾ ਮੁਲਾਂਕਣ ਇੱਕ ਪ੍ਰਕ੍ਰਿਆ ਹੈ।
- ਇਸ ਤਰ੍ਹਾਂ ਦਾ ਮੁਲਾਂਕਣ ਸਿਰਫ ਲਿਖਤੀ **ਮੁਲਾਂਕਣ ਹੀ** ਨਹੀਂ ਹੁੰਦਾ ਸਗੋਂ ਇਹ ਬੱਚੇ/ਬੱਚੀਆਂ ਵਲੋਂ ਸਿੱਖੇ ਜਾ ਰਹੇ ਹਰੇਕ ਪੱਖ **ਅਤੇ ਕੀਤੀ ਜਾ ਰਹੀ ਹਰੇਕ ਗਤੀਵਿਧੀ** ਦਾ ਮੁਲਾਂਕਣ ਹੁੰਦਾ ਹੈ।
- ਇਸ ਪ੍ਰਕ੍ਰਿਆ ਨੂੰ ਅਪਣਾ ਕੇ ਬੱਚੇ/ ਬੱਚੀਆਂ ਦੀਆਂ ਵਿੱਦਿਆ ਦੇ ਖੇਤਰ ਨਾਲ਼ ਸੰਬੰਧਿਤ ਅਤੇ ਇਸ ਖੇਤਰ ਲਈ ਸਹਾਇਕ ਗਤੀਵਿਧੀਆਂ ਦਾ ਸੰਪੂਰਨ ਰੂਪ ਵਿੱਚ ਜਾਇਜ਼ਾ ਲਿਆ ਜਾਂਦਾ ਹੈ।
- ਇਹ ਮੁਲਾਂਕਣ ਦੇ ਇਸ ਪੱਖ ਨੂੰ ਉਜਾਗਰ ਕਰਦਾ ਹੈ ਕਿ ਸਿੱਖਣ ਅਤੇ ਸਿਖਾਉਣ ਪ੍ਰਕ੍ਰਿਆਵਾਂ ਇੱਕ ਦੂਜੇ ਤੇ ਆਧਾਰਿਤ ਹਨ।
- ਇਸ ਦਾ ਮਕਸਦ ਇਸ ਨੂੰ ਸਿੱਖਣ ਸਿਖਾਉਣ ਪ੍ਰਕ੍ਰਿਆ ਦਾ ਇੱਕ ਅੰਤਰੰਗ(Internal) ਹਿੱਸਾ ਬਨਾਉਣਾ ਹੈ ਕਿਉਂਕਿ ਇਸ ਵਿਧੀ ਨੂੰ ਅਪਣਾ ਕੇ ਸਿੱਖਣ ਵੇਲੇ ਰਹਿ ਗਈਆਂ ਤਰੁੱਟੀਆਂ (Gaps) ਨੂੰ ਪੂਰਿਆ ਜਾ ਸਕਦਾ ਹੈ ਅਤੇ ਬੱਚੇ-ਬੱਚੀਆਂ ਨੂੰ ਲੋੜੀਂਦੇ ਪੱਧਰ ਤੇ ਲਿਆਇਆ ਜਾ ਸਕਦਾ ਹੈ।
- ਇਸ ਦਾ ਟੀਚਾ ਬੱਚੇ/ਬੱਚੀਆਂ ਦੇ ਵਿਅਕਤਿਤਵ ਦੇ ਸਮੁੱਚੇ ਵਿਕਾਸ ਨੂੰ ਪਰਖਣਾ ਹੈ।

- ਅਧਿਆਪਕਾਂ ਨੂੰ ਉਹਨਾਂ ਦੇ ਪੜ੍ਹਾਉਣ ਦੇ ਢੰਗ ਅਤੇ ਬੱਚੇ/ਬੱਚੀਆਂ ਨੂੰ ਉਹਨਾਂ ਦੀ ਸਿੱਖਣ ਪ੍ਰਕ੍ਰਿਆ ਪ੍ਰਤੀ ਸਚੇਤ ਕਰਨਾ ਹੈ।
- ਸਮੁੱਚੇ ਮੁਲਾਂਕਣ ਦਾ ਮਤਲਬ ਬੱਚੇ/ਬੱਚੀਆਂ ਦੀਆਂ ਸਿੱਖਿਆ ਅਤੇ ਸਿੱਖਿਆ-ਸਹਾਇਕ ਗਤੀਵਿਧੀਆਂ ਦਾ ਲਗਾਤਾਰ ਮੁਲਾਂਕਣ ਹੈ।ਸਿੱਖਿਆ ਸੰਬੰਧੀ ਗਤੀਵਿਧੀਆਂ ਵਿੱਚ ਮੁੱਖ ਵਿਸ਼ਿਆਂ ਦੀ ਜਾਂਚ ਅਤੇ ਸਿੱਖਿਆ-ਸਹਾਇਕ ਗਤੀਵਿਧੀਆਂ ਵਿੱਚ ਜੀਵਨ ਕੁਸ਼ਲਤਾਵਾਂ (Life Skills), ਇੱਛਤ ਵਿਵਹਾਰ, ਜੀਵਨ ਮੁੱਲਾਂ (Values) ਦੀ ਸਮਝ, ਸਿੱਖਿਆ ਸਹਾਇਕ ਗਤੀਵਿਧੀਆਂ ਵਿੱਚ ਪ੍ਰਾਪਤੀ, ਗਿਆਨ ਸੰਬੰਧੀ ਮਾਨਸਿਕ ਪੱਧਰ, ਉਹਨਾਂ ਦੀਆਂ ਭਾਵਨਾਵਾਂ, ਪ੍ਰਤੀਕ੍ਰਿਆਵਾਂ ਅਤੇ ਮਨ ਰਾਹੀਂ ਸੰਚਾਲਿਤ (Psychomotor) ਕ੍ਰਿਆਵਾਂ ਦੀ ਜਾਂਚ ਸ਼ਾਮਲ ਹੈ।

**<u>ਲਗਾਤਾਰ ਅਤੇ ਸਮੁੱਚੇ ਮੁਲਾਂਕਣ ਦੇ ਉਦੇਸ਼</u>**

- ਇਸ ਦਾ ਉਦੇਸ਼ ਬੱਚੇ/ਬੱਚੀਆਂ ਦੀ ਸੋਚਣ ਸ਼ਕਤੀ ਨੂੰ ਪਰਖਣਾ ਹੈ ਨਾ ਕਿ ਉਹਨਾਂ ਦੇ ਰੱਟਾ ਲਾਉਣ ਦੀ ਸ਼ਕਤੀ ਨੂੰ ਪਰਖਣਾ ਹੈ।
- ਲਗਾਤਾਰ ਸਮੁੱਚੇ ਮੁਲਾਂਕਣ ਦੀ ਵਿਧੀ ਰਾਹੀਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ਼ ਜੋ ਕੁੱਝ **ਉਹਨਾਂ ਨੂੰ** ਪਤਾ ਹੋਣਾ ਚਾਹੀਦਾ ਹੈ, ਕੀ ਸਚਮੁੱਚ ਹੀ ਉਹ ਇਹ ਸਿੱਖ ਰਹੇ ਹਨ?
- ਉਹਨਾਂ ਦੀ ਰਚਨਾਤਮਿਕ, ਅਲੋਚਨਾਤਮਿਕ ਅਤੇ ਵਿਸ਼ਲੇਸ਼ਨਾਤਮਿਕ ਸੋਚ ਨੂੰ ਵਧਾਉਣਾ ਹੈ।
- ਉਹਨਾਂ ਦੀਆ ਪ੍ਰਾਪਤੀਆਂ ਦੀ ਲਗਾਤਾਰ ਪਰਖ ਕਰਨਾ ਹੈ ਅਤੇ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਉਹਨਾਂ ਦੀ ਮਦਦ ਕਰਨਾ ਹੈ।
- ਉਹਨਾਂ ਦੀਆ ਗਿਆਨ ਸਬੰਧੀ, ਮਨ ਰਾਹੀਂ ਸੰਚਾਲਿਤ ਕ੍ਰਿਆਵਾਂ ਅਤੇ ਪ੍ਰਭਾਵਸ਼ਾਲੀ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਦਾ ਵਿਕਾਸ ਕਰਨ ਵਿੱਚ ਸਹਾਇਤਾ ਕਰਨਾ ਹੈ।
- ਸਿੱਖਣ ਤੇ ਸਿਖਾਉਣ ਪ੍ਰਕ੍ਰਿਆ ਨੂੰ ਬੱਚੇ/ਬੱਚੀਆਂ ਤੇ ਕੇਂਦਰਤ ਕਰਨਾ, ਉਸ ਨੂੰ ਐਕਟੀਵਿਟੀ ਅਧਾਰਿਤ ਬਣਾਉਂਦੇ ਹੋਏ ਅਨੰਦਦਾਇਕ ਬਨਾਉਣਾ ਹੈ।
- ਬੱਚੇ/ਬੱਚੀਆਂ ਦੇ ਮਨ ਵਿੱਚੋਂ ਪਰੀਖਿਆ ਦਾ ਡਰ ਦੂਰ ਕਰਨਾ ਹੈ ਅਤੇ ਉਹਨਾਂ ਨੂੰ ਵਿਚਾਰਸ਼ੀਲ, ਸੂਝਵਾਨ ਅਤੇ ਪ੍ਰਗਤੀਸ਼ੀਲ ਨਾਗਰਿਕ ਬਨਾਉਣਾ ਹੈ।
- ਬੱਚੇ/ਬੱਚੀਆਂ ਦੀ ਪੱਧਰ ਤੱਕ ਵੱਖਰੇ ਤੌਰ ਤੇ ਜਾ ਕੇ ਉਹਨਾਂ ਨੂੰ ਵਿਸ਼ਾ-ਵਸਤੂ ਨਾਲ਼ ਜੋੜਨਾ ਹੈ।

➢ ਮੁਲਾਂਕਣ ਦੇ ਦੋਵੇਂ ਪੱਖਾਂ ਨੂੰ ਨਾਲ਼ ਲੈ ਕੇ ਚੱਲਣਾ ਹੈ।

## ਸਕੂਲ ਆਧਾਰਿਤ ਮੁਲਾਂਕਣ

ਸਕੂਲ ਅੰਦਰ ਅਧਿਆਪਕ ਰਾਹੀਂ ਕੀਤਾ ਜਾਣ ਵਾਲਾ ਬੱਚੇ/ਬੱਚੀਆਂ ਦਾ ਮੁਲਾਂਕਣ ਕਿਸੇ ਵੀ ਸਿੱਖਿਆ ਸਬੰਧੀ ਪ੍ਰਕ੍ਰਿਆ ਦਾ ਮਹੱਤਵਪੂਰਨ ਪੱਖ ਹੈ। ਇਹ ਕਿਸੇ ਬੋਰਡ ਵਲੋਂ ਲਈ ਜਾਣ ਵਾਲੀ ਪਰੀਖਿਆ ਨਹੀਂ ਹੁੰਦੀ ਕਿਉਂਕਿ ਬੋਰਡ ਦੀ ਪਰੀਖਿਆ ਵਾਸਤੇ ਪ੍ਰਸ਼ਨ ਪੱਤਰ ਬਣ ਕੇ ਸਕੂਲਾਂ ਵਿੱਚ ਆਉਂਦੇ ਹਨ। ਇਹ ਪ੍ਰਸ਼ਨ ਪੱਤਰ ਕਿਸੇ ਵੀ ਸਥਾਨਕ ਜ਼ਰੂਰਤ ਨੂੰ ਸਾਹਮਣੇ ਰੱਖ ਕੇ ਨਹੀਂ ਬਣਾਏ ਜਾਂਦੇ ਸਗੋਂ ਪੂਰੇ ਰਾਜ ਲਈ ਇੱਕੋ ਤਰ੍ਹਾਂ ਦੇ ਹੁੰਦੇ ਹਨ। ਵਿਦਿਆਰਥੀਆਂ ਦੀ ਜਾਤੀ ਰੁਚੀ ਇਹਨਾਂ ਦੀ ਯੋਜਨਾ ਵਿੱਚ ਨਹੀਂ ਹੁੰਦੀ।

ਬੱਚੇ/ਬੱਚੀਆਂ ਦੀ ਸਿੱਖਣ ਸਮਰੱਥਾ ਅਤੇ ਸਿੱਖਣ ਪ੍ਰਕ੍ਰਿਆ ਦੇ ਵਿਕਾਸ ਦਾ ਮੁਲਾਂਕਣ ਸੁਨਿਯਮਿਤ ਢੰਗਾਂ ਨਾਲ ਹੀ ਸੰਭਵ ਹੈ ਅਤੇ ਇਹ ਢੰਗ ਜਮਾਤ ਵਿੱਚ ਪੜ੍ਹਾਉਂਦੇ ਵਕਤ ਕਿਸੇ ਸਮੇਂ ਇਹ ਮੁਲਾਂਕਣ ਸੋਚ ਸਮਝ ਕੇ ਕੀਤਾ ਹੁੰਦਾ ਹੈ ਤੇ ਕਿਸੇ ਸਮੇਂ ਇਹ ਸੁਭਾਵਿਕ ਹੀ ਹੁੰਦਾ ਹੈ ਕਿਉਂਕਿ ਮੁਲਾਂਕਣ ਦੀ ਪ੍ਰਕ੍ਰਿਆ ਰਾਹੀਂ ਬੱਚੇ ਦੇ ਗਿਆਨ ਸੰਬੰਧੀ ਤੇ ਗਿਆਨ ਪ੍ਰਾਪਤੀ ਵਿੱਚ ਸਹਾਇਕ ਕ੍ਰਿਆਵਾਂ ਪ੍ਰਤੀ ਸਮਝ ਇਕੱਠੀ ਕਰਨਾ ਅਤੇ ਉਹਨਾਂ ਦਾ ਵਿਸ਼ਲੇਸ਼ਨ ਕਰਨ ਉਪਰੰਤ ਉਹਨਾਂ ਦੀ ਵਿਆਖਿਆ ਕਰਨਾ ਹੈ। ਵਿਸ਼ਲੇਸ਼ਣ ਅਤੇ ਵਿਆਖਿਆ ਕਰਨ ਉਪਰੰਤ ਜੋ ਨਿਚੋੜ ਸਾਹਮਣੇ ਆਉਂਦਾ **ਹੈ**, ਉਸ ਨੂੰ ਮੁੱਖ ਰੱਖ ਕੇ ਅਧਿਆਪਕ ਬੱਚਿਆਂ ਦੀ ਸਿੱਖਣ ਪ੍ਰਕ੍ਰਿਆ ਅਤੇ ਸਮਝ ਦੇ ਵਿਕਾਸ ਲਈ ਅਗਲੇਰੇ ਯਤਨ ਕਰਦਾ ਹੈ। ਅਜਿਹੇ ਅਗਲੇਰੇ ਯਤਨ ਕਈ ਤਰ੍ਹਾਂ ਦੀਆਂ ਤਕਨੀਕਾਂ ਅਤੇ ਉਪਕਰਨ (Tools) ਵਰਤ ਕੇ ਕੀਤੇ ਜਾਂਦੇ ਹਨ। ਇੱਥੇ ਇਹ ਕਹਿਣਾ ਵਿਅਰਥ ਨਹੀਂ ਹੋਵੇਗਾ ਕਿ ਟੈਸਟ **ਰਾਹੀਂ ਮੁਲਾਂਕਣ** ਲਿਖੇ ਹੋਏ ਦੇ ਅਧਾਰ ਤੇ ਅੰਕ ਦੇਣ ਦਾ ਇੱਕ ਸਾਧਨ ਹੈ, ਜਦੋਂਕਿ ਨਿਰੀਖਣ (Observation) ਤੋਂ ਇੱਕ ਵਿਚਾਰ ਮਿਲਦਾ ਹੈ, ਬੱਚੇ/ਬੱਚੀ ਦੇ ਕਾਰ ਵਿਹਾਰ ਬਾਰੇ ਇੱਕ ਪ੍ਰਭਾਵ ਬਣਦਾ ਹੈ।

ਅਜਿਹੇ ਪ੍ਰਮਾਣ ਇਕੱਠੇ ਕਰਨ ਤੋਂ ਬਾਅਦ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਉਹਨਾਂ ਦੀ ਇਹ ਜਾਨਣ ਲਈ ਵਿਆਖਿਆ ਕੀਤੀ ਜਾਂਦੀ ਹੈ ਕਿ ਬੱਚਿਆਂ ਨੇ ਕਿੰਨਾ ਕੁੱਝ ਸਿੱਖ ਲਿਆ ਹੈ ਅਤੇ ਉਹਨਾਂ ਦੇ ਇੱਛਤ ਵਿਵਹਾਰ ਵਿੱਚ ਕਿੰਨਾ ਵਾਧਾ ਹੋਇਆ ਹੈ। ਅਜਿਹੀ ਵਿਆਖਿਆ ਤੋਂ ਬਾਅਦ ਅਧਿਆਪਕ ਬੱਚੇ ਦੇ ਵਿਕਾਸ/ਵਿਵਹਾਰ ਬਾਰੇ ਕੁੱਝ ਨਿਰਨੇ ਲੈ ਸਕਣ ਦੇ ਯੋਗ ਹੁੰਦਾ ਹੈ ਕਿ ਉਸ ਨੇ ਕਿੰਨਾ ਕੁਝ ਸਿੱਖ ਲਿਆ ਹੈ ਤੇ ਉਹ ਆਪਣੀ ਸਮਝ ਨੂੰ **ਕਿਸ ਹਦ ਤੱਕ** ਬਿਆਨ ਕਰ ਸਕਦਾ ਹੈ। ਇਸ ਲਈ ਮੁਲਾਂਕਣ ਅਧਿਆਪਕ ਰਾਹੀਂ ਬੱਚੇ/ਬੱਚੀ ਬਾਰੇ ਨਿਰਨਾ ਲੈਣ ਦੀ ਇੱਕ ਪ੍ਰਕ੍ਰਿਆ ਹੈ ਅਤੇ ਇਸ ਪ੍ਰਕ੍ਰਿਆ ਦਾ ਮਕਸਦ ਬੱਚੇ/ਬੱਚੀਆਂ ਨੂੰ ਵਧੇਰੇ

ਚੰਗੀ ਕਾਰਗੁਜ਼ਾਰੀ ਲਈ ਤਿਆਰ ਕਰਨਾ ਹੈ। ਨਤੀਜੇ **ਵਜੋਂ** ਇਸ ਰਾਹੀਂ ਸਿੱਖਿਆ ਦੇ ਖੇਤਰ ਵਿੱਚ ਗੁਣਾਤਮਿਕ ਪਰਿਵਰਤਨ ਸੰਭਵ ਹੋ ਸਕਦਾ ਹੈ।

**ਸਕੂਲ ਅੰਦਰ ਕੀਤੇ ਜਾਣ ਵਾਲੇ ਮੁਲਾਂਕਣ ਦੇ ਉਦੇਸ਼:-**

- ਮੁੱਖ ਰੂਪ ਵਿੱਚ ਅਧਿਆਪਕ ਤੇ **ਹੀ ਨਿਰਭਰ** ਹੁੰਦਾ ਹੈ ਕਿਉਂਕਿ ਉਸ ਨੇ ਹੀ ਨਿਰਨਾ ਕਰਨਾ ਹੁੰਦਾ ਹੈ ਕਿ ਬੱਚੇ ਦਾ ਮੁਲਾਂਕਣ, ਕਿਉਂ, ਕਿਸ ਚੀਜ਼ ਦਾ, ਕਦੋਂ ਤੇ ਕਿਵੇਂ ਕਰਨਾ ਹੈ।
- ਇੱਕ ਵਿਚਾਰਸ਼ੀਲ ਅਧਿਆਪਕ ਬੱਚਿਆਂ ਦੇ ਨਤੀਜੇ ਤੋਂ ਪ੍ਰਾਪਤ ਸੂਚਨਾ ਨੂੰ ਬੱਚਿਆਂ ਦੇ ਅਗਲੇਰੇ ਵਿਕਾਸ ਹਿਤ ਆਪਣੀ ਸਿਖਾਉਣ ਪ੍ਰਕ੍ਰਿਆ ਅੰਦਰ ਸੁਧਾਰ ਕਰਨ ਲਈ ਵਰਤਦਾ ਹੈ।
- ਇਹ ਮੁਲਾਂਕਣ ਬੱਚੇ ਦੇ ਸਿੱਖਿਆ ਤੇ ਮਨੋਵਿਗਿਆਨ ਦੇ ਖੇਤਰ ਤੇ ਕੇਂਦਰਤ ਹੈ ਅਤੇ ਉਸ ਦੇ ਕਈ ਖੇਤਰਾਂ ਵਿੱਚ ਪ੍ਰਾਪਤੀਆਂ ਦਾ ਮੁਲਾਂਕਣ ਹੈ।
- ਇਹ ਬੱਚੇ/ਬੱਚੀ ਦੇ ਸਰਵਪੱਖੀ ਵਿਕਾਸ ਵਿੱਚ ਸਹਾਇਕ ਹੈ।
- ਇਸ ਨਾਲ਼ ਸਕੂਲ ਅੰਦਰ ਤੇ ਸਕੂਲ ਤੋਂ ਬਾਹਰ ਵੀ ਸਿੱਖਣ ਪ੍ਰਕ੍ਰਿਆ ਦਾ ਵਿਕਾਸ ਹੁੰਦਾ ਹੈ।
- ਇਸ ਨਾਲ ਅਧਿਆਪਕ ਨੂੰ ਬੱਚੇ/ਬੱਚੀਆਂ ਦੀ ਕਾਰਗੁਜ਼ਾਰੀ ਬਾਰੇ ਤੁਰੰਤ ਪਤਾ ਲੱਗ ਜਾਂਦਾ ਹੈ ਕਿ:
    - ਉਹ ਕੀ ਸਿੱਖਦੇ/ਸਮਝਦੇ ਹਨ?
    - ਉਹਨਾਂ ਦੀਆਂ ਸਿੱਖਣ-ਸ਼ਕਤੀਆਂ ਤੇ ਸਿੱਖਣ ਵਿੱਚ ਕੀ ਕਮਜ਼ੋਰੀਆਂ ਹਨ?
    - ਉਹ ਕਿਵੇਂ ਸਿੱਖਦੇ ਹਨ?
    - ਬੱਚੇ/ਬੱਚੀਆਂ ਕੀ ਸੋਚਦੇ ਹਨ?
    - ਉਹ ਕੀ ਮਹਿਸੂਸ ਕਰਦੇ ਹਨ?
    - ਉਹਨਾਂ ਦੀਆਂ ਰੁਚੀਆਂ ਕੀ ਹਨ?
- ਇਸ ਨਾਲ਼ ਬੱਚੇ/ਬੱਚੀਆਂ ਦੀ ਸਮਾਜਿਕ, ਭਾਵਨਾਤਮਿਕ, ਸਰੀਰਕ ਅਤੇ ਬੁੱਧੀ ਸੰਬੰਧੀ ਵਿਕਾਸ ਖੇਤਰਾਂ ਬਾਰੇ ਪਤਾ ਲੱਗਦਾ ਹੈ ਕਿਉਂਕਿ ਇਹ ਸਾਰੇ ਪਰਸਪਰ ਸੰਬੰਧਿਤ ਹਨ

ਅਤੇ ਇਹਨਾਂ ਦਾ ਕਿਸੇ ਤਰ੍ਹਾਂ ਵੀ ਇੱਕ ਦੂਜੇ ਤੋਂ ਵੱਖ ਕਰਕੇ ਮੁਲਾਂਕਣ ਨਹੀਂ **ਕੀਤਾ** ਜਾ ਸਕਦਾ।

**<u>ਸਕੂਲ ਅੰਦਰ ਮੁਲਾਂਕਣ ਦੀ ਵਿਵਸਥਾ ਨੂੰ ਦ੍ਰਿੜ੍ਹ ਬਨਾਉਣ ਦੀ ਜ਼ਰੂਰਤ:-</u>**

ਹੁਣ ਤੱਕ ਇਹੋ ਪਾਇਆ ਗਿਆ ਹੈ ਕਿ ਬੋਰਡ ਦੇ ਇਮਤਿਹਾਨ ਹੀ ਸਾਰੇ ਤਰ੍ਹਾਂ ਦੇ ਮੁਲਾਂਕਣ ਤੇ ਹਾਵੀ ਰਹੇ ਹਨ। ਅਜਿਹੀ ਪਰੀਖਿਆ/ ਮੁਲਾਂਕਣ ਦੀਆਂ ਕਈ ਖਾਮੀਆਂ ਹਨ। ਜਿਵੇਂ:

- ਇਸ ਨਾਲ ਬੱਚੇ/ਬੱਚੀਆਂ ਦੇ ਕੇਵਲ ਅਕਾਦਮਿਕ ਪੱਖ ਦਾ ਹੀ ਮੁਲਾਂਕਣ ਹੁੰਦਾ ਹੈ।
- ਪਾਸ ਜਾਂ ਫ਼ੇਲ ਦਾ ਸਿਧਾਂਤ ਵਿਦਿਆਰਥੀਆਂ ਅੰਦਰ ਨਿਰਾਸ਼ਾ ਪੈਦਾ ਕਰਦਾ ਹੈ ਤੇ ਇਵੇਂ ਇਹ ਅਣਮਨੁੱਖੀ ਹੈ।
- ਬਾਹਰੀ ਮੁਲਾਂਕਣ ਕਰਤਾ ਕਈ ਢੰਗ ਦੀਆਂ ਗਲਤੀਆਂ ਕਰਦੇ ਹਨ।
- ਇਸ ਨਾਲ ਬੱਚੇ/ਬੱਚੀ ਦੀ ਸਿੱਖਣ ਗੁਣਵੱਤਾ ਦਾ ਵਿਕਾਸ ਨਹੀਂ ਹੁੰਦਾ।
- ਬਾਹਰੀ ਮੁਲਾਂਕਣ ਲਈ ਸਿਰਫ਼ ਇੱਕੋ ਤਰ੍ਹਾਂ ਦੀ ਤਕਨੀਕ ਹੀ ਵਰਤੀ ਜਾਂਦੀ ਹੈ।
- ਬੱਚੇ/ਬੱਚੀਆਂ ਲਈ ਇਹ ਵਾਧੂ ਬੋਝ ਦਾ ਕਾਰਨ ਸਾਬਤ ਹੁੰਦਾ ਹੈ।
- ਇਸ ਨਾਲ਼ ਰੱਟਾ ਲਾਉਣ ਦੀ ਪਰਬਿਰਤੀ ਨੂੰ ਉਤਸ਼ਾਹ ਮਿਲਦਾ ਹੈ।
- ਇਹਨਾਂ ਕਮੀਆਂ ਦੇ ਮੱਦੇਨਜ਼ਰ ਸਕੂਲ ਅੰਦਰ ਹੀ ਮੁਲਾਂਕਣ ਪ੍ਰਕ੍ਰਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ਼ ਅਧਿਆਪਕ ਦੀ ਵੀ ਮੁਲਾਂਕਣ ਕਰਨ ਦੀ ਕੁਸ਼ਲਤਾ ਵੱਧਦੀ ਹੈ ਤੇ ਉਸ ਲਈ ਨਿਰਧਾਰਿਤ ਮਾਪਦੰਡਾਂ ਤੇ ਉਹ ਖਰਾ ਉਤਰਦਾ ਹੈ।

**<u>ਲਗਾਤਾਰ ਅਤੇ ਸਮੁੱਚੇ ਮੁਲਾਂਕਣ ਵਿੱਚ ਅਧਿਆਪਕ ਦੀ ਭੂਮਿਕਾ</u>**

- ਲਗਾਤਾਰ ਅਤੇ ਸਮੁੱਚੇ ਮੁਲਾਂਕਣ ਦੌਰਾਨ ਅਧਿਆਪਕ ਇੱਕ ਸਹਾਇਕ ਦੀ ਭੂਮਿਕਾ ਨਿਭਾਉਂਦਾ ਹੈ।ਉਹ ਇਹ ਸਮਝਣ ਲਗਦਾ ਹੈ ਕਿ ਵਿਦਿਆਰਥੀ ਕੋਰੀ ਸਲੇਟ ਜਾਂ ਖਾਲੀ ਬਰਤਨ ਨਹੀਂ ਹਨ ਜਿਨ੍ਹਾਂ ਨੂੰ ਸੂਚਨਾਵਾਂ ਅਤੇ ਗਿਆਨ ਦੇ ਦੇ ਕੇ ਭਰਨਾ ਹੈ ਅਤੇ ਇਹ ਸੂਚਨਾਵਾਂ ਅਤੇ ਗਿਆਨ ਸਿਰਫ ਸਕੂਲ ਅੰਦਰ ਹੀ ਦਿੱਤਾ ਜਾ ਸਕਦਾ ਹੈ।
- ਅਧਿਆਪਕ ਇਹ ਵੀ ਸਮਝਣ ਲਗਦਾ ਹੈ ਕਿ ਵਿਦਿਆਰਥੀ ਸਕੂਲ ਆਉਣ ਸਮੇਂ ਆਪਣੇ ਨਾਲ਼ ਕੁਝ ਅਨੁਭਵ/ ਗਿਆਨ ਲੈ ਕੇ ਆਉਂਦੇ ਹਨ ਅਤੇ ਉਹਨਾਂ ਦੇ ਇਹਨਾਂ ਅਨੁਭਵਾਂ / ਗਿਆਨ ਨੂੰ ਹੀ ਆਧਾਰ ਮੰਨ ਕੇ ਅੱਗੇ ਕੁਝ ਸਿਖਾਇਆ ਜਾਣਾ ਚਾਹੀਦਾ ਹੈ।

- ਕਿਉਂਕਿ ਹਰੇਕ ਬੱਚਾ/ਬੱਚੀ ਆਪਣੇ ਢੰਗ ਅਤੇ ਆਪਣੀ ਚਾਲ ਨਾਲ਼ ਸਿੱਖਦੇ ਹਨ ਅਤੇ ਆਪਣੇ ਗਿਆਨ ਦਾ ਨਿਰਮਾਣ ਖੁਦ ਕਰਦੇ ਹਨ, ਇਸ ਲਈ ਅਧਿਆਪਕ ਨੂੰ ਇਹ ਸਾਰਾ ਕੁੱਝ ਸਮਝਦੇ ਹੋਏ ਸਿੱਖਿਆ ਪ੍ਰਕ੍ਰਿਆ ਦੌਰਾਨ ਬੱਚੇ ਦੀ ਸਹਾਇਤਾ ਕਰਨੀ ਚਾਹੀਦੀ ਹੈ।
- ਬੱਚਿਆਂ ਦਾ ਲਗਾਤਾਰ ਸਮੁੱਚਾ ਮੁਲਾਂਕਣ ਕਰਨ ਲਈ ਅਧਿਆਪਕਾਂ ਦਾ ਸੰਵੇਦਨਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਅਜਿਹਾ ਮੁਲਾਂਕਣ ਕਰਦੇ ਸਮੇਂ ਜ਼ਰੂਰਤ ਤੋਂ ਬਿਨਾਂ ਬੱਚਿਆਂ ਦੇ ਸਾਹਮਣੇ ਨਾ ਆਇਆ ਜਾਵੇ।
- ਇਹ ਵੀ ਵਿਚਾਰਿਆ ਜਾ ਸਕਦਾ ਹੈ ਕਿ ਤਸਵੀਰਾਂ ਮੁਲਾਂਕਣ ਦੇ ਦੂਜੇ ਉਪਕਰਨ ਦੇ ਪੂਰਕ ਕਿਵੇਂ ਬਣ **ਸਕਦੀਆਂ** ਹਨ? ਬਾਅਦ ਵਿੱਚ ਵੀ ਕਦੇ ਤਸਵੀਰਾਂ ਦਾ ਇਸਤੇਮਾਲ ਕਰਕੇ ਬੱਚੇ ਖੁਦ ਆਪਣੇ ਅਤੇ ਆਪਣੇ ਕੀਤੇ ਕੰਮ ਬਾਰੇ ਚਰਚਾ ਕਰ ਸਕਦੇ ਹਨ।
- ਬੱਚੇ/ਬੱਚੀਆਂ ਦੀਆਂ ਸਕਾਰਾਤਮਕ ਕਿਰਿਆਵਾਂ ਸੰਬੰਧੀ ਪ੍ਰਤੀਸੂਚਨਾ (feed back) ਜ਼ਰੂਰ ਦਿਉ ਤਾਂ ਜੋ ਹੋਰ ਬਿਹਤਰ ਕਰਨ ਲਈ ਉਹਨਾਂ ਦੀ ਮਦਦ ਕੀਤੀ ਜਾ ਸਕੇ ਅਤੇ ਬਿਹਤਰੀ ਨਾਲ ਕੀਤੀਆਂ ਜਾ ਰਹੀਆਂ ਕ੍ਰਿਆਵਾਂ ਦਾ ਸਮੁੱਚਾ ਮੁਲਾਂਕਣ ਹੋ ਸਕੇ।
- ਅਧਿਆਪਕ ਰਾਹੀਂ ਨਿਸ਼ਚਿਤ ਸਮੇਂ ਵਿੱਚ (ਹਰ **ਹਫ਼ਤੇ**) ਨਿਰੰਤਰਤਾ ਨੂੰ ਆਧਾਰ ਬਣਾਉਂਦੇ ਹੋਏ ਬੱਚਿਆਂ ਨਾਲ਼ ਸੰਬੰਧਿਤ ਹਰ ਤਰ੍ਹਾਂ ਦੇ ਰਿਕਾਰਡ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਇਸ ਨਾਲ਼ ਉਹਨਾਂ ਦੇ ਵਿਅਕਤਿਤਵ ਅਤੇ ਹੋਰ ਪਹਿਲੂਆਂ ਦਾ ਮੁਲਾਂਕਣ ਵੀ ਸੰਭਵ ਹੋਵੇਗਾ।
- ਗ੍ਰੇਡ ਦੇਣ ਦੇ ਨਾਲ਼ ਨਾਲ਼ ਬੱਚੇ/ਬੱਚੀ ਦੇ ਸਿੱਖਣ ਦੇ ਤਰੀਕੇ ਬਾਰੇ ਗੁਣਾਤਮਿਕ ਟਿੱਪਣੀ ਜ਼ਰੂਰ ਦਿਉ ਅਤੇ ਜਮਾਤ ਵਿੱਚ ਉਸ ਦੇ ਵਧੀਆਂ ਕੰਮਾਂ ਦੀ ਉਦਾਹਰਨ ਜ਼ਰੂਰ ਦਿਉ।
- ਹਰੇਕ ਬੱਚੇ ਨਾਲ ਉਸਦੇ ਕੰਮ ਬਾਰੇ ਗੱਲ ਜ਼ਰੂਰ ਕਰੋ। ਇਸ ਵਕਤ ਉਸਦੇ ਹਾਵ ਭਾਵ ਨੋਟ ਕਰੋ। ਉਸਦੀ ਸਥਿਤੀ ਬਾਰੇ ਉਸਦੇ ਮਾਤਾ-ਪਿਤਾ ਨਾਲ਼ ਵੀ ਚਰਚਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਵੀ ਲਗਾਤਾਰ ਮੁਲਾਂਕਣ ਦਾ ਹੀ ਹਿੱਸਾ ਹੈ।
- ਲਗਾਤਾਰ ਸਮੁੱਚਾ ਮੁਲਾਂਕਣ ਕਰਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੱਚਿਆਂ ਤੇ ਕਿਸੇ ਪ੍ਰਕਾਰ ਦਾ ਥੱਪਾ ਜਿਵੇਂ ਮੰਦ ਬੁੱਧੀ, ਨਿਕੰਮਾ, ਨਾਲਾਇਕ ਆਦਿ ਨਾ ਲੱਗੇ। ਅਜਿਹੇ ਥੱਪੇ ਲਾਉਣ ਨਾਲ ਅਧਿਆਪਕ ਦੀ ਆਪਣੀ ਸੋਚ ਦਾ ਪੱਧਰ ਵੀ ਸਭ ਦੇ ਸਾਹਮਣੇ ਆਉਂਦਾ ਹੈ।

- ਹਰੇਕ ਬੱਚੇ/ਬੱਚੀ ਦੇ ਸਿੱਖਣ ਦੇ ਤਰੀਕੇ, ਉਸਦੀ ਗਤੀ ਅਤੇ ਉੱਤਰ ਦੇਣ ਦੀ ਸ਼ੈਲੀ ਨੂੰ ਮਹੱਤਵ ਦਿੱਤਾ ਜਾਵੇ। ਅਜਿਹਾ ਕਰਦੇ ਸਮੇਂ ਅਧਿਆਪਕ ਦੀ ਆਪਣੇ ਕੰਮ ਪ੍ਰਤੀ ਰੁਚੀ ਅਤੇ ਕੁਸ਼ਲਤਾ ਝਲਕਦੀ ਹੈ।
- ਮੁਲਾਂਕਣ ਅਤੇ ਪ੍ਰਤੀ ਸੂਚਨਾ ਦੇ ਸਮੇਂ ਤਕਨੀਕੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਪ੍ਰਤੀ ਸੂਚਨਾ ਦਿੱਤੀ ਜਾਵੇ ਜੋ ਕਿ ਬੱਚੇ ਨੂੰ ਹਾਂ ਪੱਖੀ ਦਿਸ਼ਾ ਵੱਲ ਪ੍ਰੇਰਿਤ ਕਰਨ ਵਿੱਚ ਮਦਦ ਕਰੇ ਅਤੇ ਉਹਨਾਂ ਦੇ ਲਗਾਤਾਰ ਸਮੁੱਚੇ ਮੁਲਾਂਕਣ ਵਿੱਚ ਸਹਾਈ ਸਿੱਧ ਹੋਵੇ।
- ਜੇਕਰ ਉਪਰੋਕਤ ਪਹਿਲੂਆਂ ਨੂੰ ਡੂੰਘਾਈ ਨਾਲ਼ ਸੋਚ ਕੇ ਮੁਲਾਂਕਣ ਲਈ ਇਹਨਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਿਆ ਜਾਂਦਾ ਹੈ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬੱਚਾ/ਬੱਚੀ ਦੇ ਸਮੁੱਚੇ ਵਿਕਾਸ ਦਾ ਸਮੁੱਚਾ ਮੁਲਾਂਕਣ ਹੋਵੇਗਾ ਹੀ।
- ਅਧਿਆਪਕ ਭਿੰਨ ਭਿੰਨ ਵਿਸ਼ਿਆਂ ਨਾਲ ਸੰਬੰਧਿਤ ਕੁਸ਼ਲਤਾਵਾਂ ਦੀ ਜਾਂਚ ਕਰਨ ਹਿਤ ਹੇਠ ਲਿਖੇ ਅਨੁਸਾਰ ਕੰਮ ਕਰਕੇ ਆਪਣੇ ਵਿਸ਼ੇ ਤੇ ਬੱਚੇ/ਬੱਚੀਆਂ ਦੀ ਪਕੜ ਮਜ਼ਬੂਤ ਕਰ ਸਕਦੇ ਹਨ:-

**ਭਾਸ਼ਾ ਦੀਆਂ ਪ੍ਰਮੁੱਖ ਕੁਸ਼ਲਤਾਵਾਂ:-**

- ਭਾਸ਼ਾ ਦੀਆਂ ਪ੍ਰਮੁੱਖ ਕੁਸ਼ਲਤਾਵਾਂ ਹਨ:

-ਸੁਣਨ ਦੀ ਕੁਸ਼ਲਤਾ,

-ਬੋਲਣ ਦੀ ਕੁਸ਼ਲਤਾ,

-ਪੜ੍ਹਨ ਦੀ ਕੁਸ਼ਲਤਾ,

-ਸੁਣ ਕੇ ਲਿਖਣ ਦੀ ਕੁਸ਼ਲਤਾ,

-ਲਿਖਣ ਦੀ ਗਤੀ ਆਦਿ।

- ਇਹਨਾਂ ਕੁਸ਼ਲਤਾਵਾਂ ਦਾ ਅੱਗੋਂ ਹੋਰ ਬਰੀਕੀ ਨਾਲ਼ ਭੇਦ ਵੀ ਕੀਤਾ ਜਾਣਾ ਹੁੰਦਾ ਹੈ। ਜਿਵੇਂ:

-ਪੁੱਛੇ ਗਏ ਪ੍ਰਸ਼ਨਾਂ ਨੂੰ ਸਮਝ ਨਾਲ਼ ਸੁਣਨਾ,

-ਉੱਚਾਰਿਤ ਧੁਨੀ ਵਿੱਚ ਭੇਦ ਕਰਨਾ,

-ਦਿੱਤੇ ਗਏ ਵਿਸ਼ੇ ਤੇ ਬੋਲਣਾ,

-ਵਾਕਾਂ ਦਾ ਸਹੀ ਨਿਰਮਾਣ ਕਰਦੇ ਹੋਏ ਬੋਲਣਾ,

-ਚਿੱਤਰਾਂ ਆਦਿ ਦਾ ਵਰਨਣ ਕਰਦੇ ਹੋਏ ਸਵੈ ਦਾ ਪ੍ਰਗਟਾਵਾ,

-ਕਵਿਤਾ-ਕਹਾਣੀ ਆਦਿ ਸੁਨਾਉਣਾ,

-ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਸਮੱਗਰੀ (ਕਹਾਣੀ ਦੀ ਕਿਤਾਬ, ਕਵਿਤਾ ਦੀ ਕਿਤਾਬ, ਅਖਬਾਰ, ਰਸਾਲਾ ਆਦਿ) ਪੜ੍ਹਨ ਵਿੱਚ ਰੁਚੀ,

-ਸਾਫ਼, ਸਪੱਸ਼ਟ ਅਤੇ ਸੁੰਦਰ ਲਿਖਾਈ;

-ਪੱਤਰ, ਲੇਖ ਤੇ ਕਹਾਣੀ ਆਦਿ ਲਿਖਣ ਦੀ ਸਮਰੱਥਾ ਹੈ।

-ਭਾਸ਼ਾ ਦੀਆਂ ਕੁਸ਼ਲਤਾਵਾਂ ਦਾ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਪੱਧਰ ਤੇ ਵੱਖ ਵੱਖ ਗਤੀਵਿਧੀਆਂ ਰਾਹੀਂ ਮੁਲਾਂਕਣ ਹੋ ਸਕਦਾ ਹੈ।

- ਗਣਿਤ,ਵਿਗਿਆਨ,ਸਮਾਜਿਕ ਵਿਗਿਆਨ ਦੀਆਂ ਵੀ ਬਹੁਤ ਸਾਰੀਆਂ ਕੁਸ਼ਲਤਾਵਾਂ ਹਨ। ਜਿਵੇਂ:

-ਪਾਠ ਸੰਬੰਧੀ ਮੌਖਿਕ ਅਤੇ ਲਿਖਤੀ ਕੰਮ,

-ਪ੍ਰਾਜੈਕਟ ਤਿਆਰ ਕਰਨਾ,

-ਸਮੂਹਿਕ ਚਰਚਾ ਵਿਚ ਭਾਗ ਲੈਣਾ,

-ਸਹਾਇਕ ਸਮੱਗਰੀ ਦਾ ਅਧਿਐਨ,

-ਸਿੱਖੇ ਹੋਏ ਵਿਸ਼ੇ ਨੂੰ ਰੋਜ਼ਾਨਾ ਜੀਵਨ ਵਿੱਚ ਉਪਯੋਗ ਕਰਨਾ ਆਦਿ। ਇਹਨਾਂ ਕੁਸ਼ਲਤਾਵਾਂ ਨੂੰ ਗ੍ਰਹਿਣ ਕਰਨ ਦੀ ਲਗਾਤਾਰਤਾ ਵਿੱਚ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

**<u>ਮੁਲਾਂਕਣ ਸਮੇਂ ਧਿਆਨ ਰੱਖਣ ਯੋਗ ਨੁਕਤੇ</u>:-**

- **ਇਹ ਮੁਲਾਂਕਣ ਲਿਖਤੀ ਅਤੇ ਜ਼ੁਬਾਨੀ ਦੋਵੇਂ ਤਰ੍ਹਾਂ ਦਾ ਹੋਵੇਗਾ।**
- **ਮਹੀਨੇ ਵਿੱਚ ਘੱਟੋ ਘੱਟ ਇੱਕ ਵਾਰ ਲਿਖਤੀ ਮੁਲਾਂਕਣ ਵਿਸ਼ਾ ਅਧਿਆਪਕ ਜਰੂਰ ਕਰੇਗਾ। ਇਹ ਲਿਖਤੀ ਮੁਲਾਂਕਣ ਮਹੀਨੇ ਦੇ ਅੰਤ ਵਿੱਚ ਹੋਵੇਗਾ। ਪੇਪਰ ਵੀ ਅਧਿਆਪਕ ਆਪ ਹੀ ਬਣਾਏਗਾ। ਇਹ ਮੁਲਾਂਕਣ 20 ਨੰਬਰਾਂ ਵਿੱਚੋਂ ਹੋਵੇਗਾ ਤੇ ਮੁਲਾਂਕਣ ਦੀ ਅਵਧੀ ਵਿਸ਼ਾ ਵਾਰ ਅਤੇ ਪੀਰੀਅਡ ਵਾਰ ਹੋਵੇਗੀ।**
- ਬੱਚੇ/ਬੱਚੀਆਂ ਦਾ ਲਗਾਤਾਰ ਸਮੁੱਚਾ ਮੁਲਾਂਕਣ ਕਿਉਂ, ਕਿਹੜੀ ਗੱਲ ਦਾ, ਕਦੋਂ ਤੇ ਕਿਵੇਂ ਕੀਤਾ ਜਾਣਾ ਚਾਹੀਦਾ ਹੈ ਅਤੇ ਅਜਿਹੇ ਮੁਲਾਂਕਣ ਰਾਹੀਂ ਪ੍ਰਾਪਤ ਸੂਚਨਾਵਾਂ ਦਾ ਉਪਯੋਗ ਕਿਵੇਂ ਕਰਨਾ ਚਾਹੀਦਾ ਹੈ?-ਇਸ ਬਾਰੇ ਜਾਣਨਾ ਬਹੁਤ ਮਹੱਤਤਾ ਰੱਖਦਾ ਹੈ।

- ਅਧਿਆਪਕਾਂ ਨੂੰ ਬੱਚੇ/ਬੱਚੀਆਂ ਅੰਦਰ ਮੌਜੂਦ ਭਿੰਨਤਾਵਾਂ ਨੂੰ ਪਛਾਨਣਾ ਅਤੇ ਇਸ ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਹ ਸਿੱਖਣ ਸਿਖਾਉਣ ਪ੍ਰਕ੍ਰਿਆ ਦੌਰਾਨ ਅੱਡ-ਅੱਡ ਢੰਗਾਂ ਨਾਲ਼ ਪ੍ਰਤੀਕ੍ਰਿਆ ਕਰਦੇ ਅਤੇ ਸਮਝਦੇ ਹਨ। ਜਿਵੇਂ ਕਲੋਜ਼ ਟੈਸਟ ਵਿੱਚ ਕਹਾਣੀ ਦੇ ਪ੍ਰਸ਼ਨ ਬਨਾਉਣ ਨੂੰ ਵੇਖਿਆ ਜਾ ਸਕਦਾ ਹੈ। (**ਅਗਲੇ ਪੰਨਿਆਂ ਤੇ**)
- ਬੱਚੇ ਜਿਹੜੇ ਵੀ ਅਨੁਭਵ ਸਕੂਲ ਵਿੱਚ ਦਾਖਲ ਹੋਣ ਸਮੇਂ ਨਾਲ਼ ਲੈ ਕੇ ਆਉਂਦੇ ਹਨ ਜਾਂ ਮਿਡਲ ਜਮਾਤਾਂ ਤੱਕ ਪਹੁੰਚਦੇ ਪਹੁੰਚਦੇ ਹੋਰ ਅਨੁਭਵ ਗ੍ਰਹਿਣ ਕਰਦੇ ਹਨ, ਉਹਨਾਂ ਦੇ ਉਹਨਾਂ ਅਨੁਭਵਾਂ ਨੂੰ ਅਗਲੇਰੀ ਸਿੱਖਣ-ਸਿਖਾਉਣ ਪ੍ਰਕ੍ਰਿਆ ਦਾ ਆਧਾਰ ਬਨਾਉਣਾ ਜ਼ਰੂਰੀ ਹੈ। ਜਿਵੇਂ ਹਿਸਾਬ ਵਿੱਚ 2/3, 4/7 ਆਦਿ ਦਾ ਸੰਕਲਪ ਜਾਂ ਹਵਾ ਵਿਚਲੀਆਂ ਗੈਸਾਂ ਦੇ ਮਿਸ਼ਰਣ ਬਾਰੇ ਅਗਲੇਰੀ ਜਾਣਕਾਰੀ।

**ਵਿਸ਼ਾ ਵਾਰ ਮੁਲਾਂਕਣ ਕਰਦੇ ਸਮੇਂ ਅਧਿਆਪਕ ਹੇਠ ਲਿਖੇ ਨੁਕਤਿਆਂ ਤੇ ਧਿਆਨ ਕੇਂਦਰਤ ਕਰਦੇ ਹੋਏ ਗ੍ਰੇਡ ਦੇਣਗੇ**:-

1. **ਕੋਸ਼ਿਸ਼ (Effort)**:- ਗਿਆਨ ਪ੍ਰਾਪਤੀ ਅਤੇ ਵਿਅਕਤੀਤਵ ਦੇ ਵਿਕਾਸ ਲਈ ਵਿਦਿਆਰਥੀਆਂ ਵਲੋਂ ਕੀਤੀ ਜਾਂਦੀ ਕੋਸ਼ਿਸ਼ (for attaning knowledge and personality development)
2. **ਲਗਨ**:- ਵਿਸ਼ੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਵਿਦਿਆਰਥੀਆਂ ਵਲੋਂ ਦਿਖਾਈ ਜਾਂਦੀ ਲਗਨ (Sincerity)
3. **ਅਭਿਵਿਅਕਤੀ (Expression)**:- (ਨਤੀਜੇ ਤੱਕ ਪੂਰੀ ਤਰ੍ਹਾਂ ਪਹੁੰਚ)

**ਕੋਸ਼ਿਸ਼ (Effort)**:- ਇਸ ਨੁਕਤੇ ਦਾ ਮੁਲਾਂਕਣ ਕਰਦੇ ਸਮੇਂ ਅਧਿਆਪਕ ਬੱਚੇ/ਬੱਚੀਆਂ ਦੇ ਹੇਠ ਲਿਖੇ ਯਤਨਾਂ ਦਾ ਮੁਲਾਂਕਣ ਕਰਦੇ ਹੋਏ ਗ੍ਰੇਡ ਦੇਣਗੇ:

1. **ਰੂਪ ਰੇਖਾ ਤਿਆਰ ਕਰਨਾ (To Outline)**:- ਜਿਵੇਂਕਿ ਅਧਿਆਪਕ ਬੱਚੇ ਨੂੰ ਨਾਂਵ (Noun) ਦਾ ਪ੍ਰਸ਼ਨ ਇਸ ਦੇ ਭੇਦਾਂ ਸਮੇਤ ਹਲ ਕਰਨ ਲਈ ਕਹਿੰਦਾ ਹੈ ਤਾਂ ਬੱਚੇ ਦੇ ਜ਼ਿਹਨ ਵਿੱਚ ਹੇਠ ਲਿਖੇ ਅਨੁਸਾਰ ਰੂਪ ਰੇਖਾ ਬਣ ਜਾਂਦੀ ਹੈ:

# Any Mind Map

2. <u>**ਯਾਦ ਕਰਨਾ (To Recall)**</u>:- ਅਧਿਆਪਕ ਪੁੱਛਦਾ ਹੈ:

8 x 3 = … ?

ਬੱਚਾ = 8 x 2 = 16

8 x 3 = 24

3. <u>**ਚੋਣ ਕਰਨੀ (To Choose/Select)**</u>:- ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਦੇਣਾ। ਸਹੀ/ਗਲਤ; ਬਹੁਤੇ ਉੱਤਰਾਂ ਵਿੱਚੋਂ ਇੱਕ ਸਹੀ ਉੱਤਰ ਚੁਣਨਾ; ਖਾਲੀ ਥਾਵਾਂ ਭਰਨੀਆਂ ਆਦਿ।

4. <u>**ਦੁਹਰਾਉਣਾ (To revise)**</u>:- ਅਧਿਆਪਕ ਵਲੋਂ ਦੱਸੇ ਵਿਸ਼ੇ ਨੂੰ ਇੰਨ ਬਿੰਨ ਦੁਹਰਾ ਦੇਣਾ।

5. <u>**ਦੁਬਾਰਾ ਲਿਖਣਾ (To Rewrite)**</u>:- ਪ੍ਰਸ਼ਨ ਦਾ ਉੱਤਰ ਸੁਣਨ ਤੋਂ ਬਾਅਦ ਦੁਬਾਰਾ ਲਿਖਣਾ ਜਾਂ ਅਧਿਆਪਕ ਦੀ ਕਹੀ ਹੋਈ ਕਿਸੇ ਵੀ ਗੱਲ ਨੂੰ ਸੁਣਨ ਤੋਂ ਬਾਅਦ ਲਿਖਣਾ।

6. <u>**ਪੁੱਛਣਾ (To Ask)**</u>:- ਜੇਕਰ ਕੁੱਝ ਸਮਝ ਨਾ ਪਵੇ ਤਾਂ ਉਸ ਬਾਰੇ ਦੁਬਾਰਾ ਪੁੱਛਣਾ। ਸਿਰਫ ਉੱਤਰ ਹੀ ਨਾਂ ਦੇਣਾ ਸਗੋਂ ਸਵਾਲ ਵੀ ਪੁੱਛਣਾ।

7. <u>**ਅਨੁਸਰਨ ਕਰਨਾ (To Follow)**</u>:- ਅਧਿਆਪਕ ਰਾਹੀਂ ਕੀਤੀ ਪਾਠ/ਪ੍ਰਸ਼ਨ ਦੀ ਵਿਆਖਿਆ ਨੂੰ ਸਮਝਣਾ ਤੇ ਉਸ ਅਨੁਸਾਰ ਸ਼ਬਦਾਂ/ਪ੍ਰਾਜੈਕਟ ਦੇ ਰੂਪ ਵਿੱਚ ਉਸ ਨੂੰ ਬਿਆਨ ਕਰਨਾ।

8. <u>**ਹਿੱਸਾ ਲੈਣਾ (To Participate)**</u>:- ਜਮਾਤ ਵਿੱਚ/ਸਕੂਲ ਵਿੱਚ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ।

9. <u>**ਸੁਣਨਾ (To Listen)**</u>:- ਅਧਿਆਪਕ/ਹਮਜਮਾਤੀਆਂ ਵਲੋਂ ਦੱਸੇ ਜਾਂਦੇ ਵਿਚਾਰਾਂ ਨੂੰ ਧਿਆਨ ਨਾਲ ਸੁਣਨਾ।

10. **ਤੁਲਨਾ ਕਰਨਾ (To compare)**:- ਬੱਚੇ/ਬੱਚੀ ਦਾ ਆਪਣੇ ਪਹਿਲੇ ਉੱਤਰ ਦਾ ਦੂਜੇ ਉੱਤਰ ਨਾਲ, ਆਪਣੀ ਲਿਖਤ ਦਾ ਦੂਜੇ ਵਿਦਿਆਰਥੀ ਦੀ ਲਿਖਤ ਨਾਲ ਜਾਂ ਆਪਣੇ ਉੱਤਰ ਦਾ ਦੂਜੇ ਵਿਦਿਆਰਥੀ ਦੇ ਉੱਤਰ ਨਾਲ ਤੁਲਨਾ ਕਰਨਾ ਹੋ ਸਕਦਾ ਹੈ।

**ਲਗਨ**:- ਲਗਨ ਵਿੱਚ ਅਧਿਆਪਕ ਇਹ ਨੁਕਤੇ ਵਿਚਾਰਨਗੇ :

1. **ਹਾਜ਼ਰੀ (Attendance)**:- ਬੱਚਾ/ਬੱਚੀ ਕਿੰਨੇ ਦਿਨ ਸਕੂਲ ਵਿੱਚ/ਹਰ ਪੀਰੀਅਡ ਵਿੱਚ ਹਾਜ਼ਰ ਰਹਿੰਦਾ ਹੈ।

2. **ਸਮੇਂ ਦੀ ਪਾਬੰਦੀ (Punctuality)**:- ਸਮੇਂ ਸਿਰ ਸਕੂਲ ਵਿੱਚ/ਹਰ ਪੀਰੀਅਡ ਵਿੱਚ ਉਸ ਦੀ ਪਹੁੰਚ।

3. **ਸਫਾਈ (Cleanliness)**:- ਰੋਜ਼ ਨਹਾਉਣਾ, ਦੰਦ ਸਾਫ਼ ਕਰਨੇ, ਸਾਫ਼ ਕੱਪੜੇ ਪਾਉਣਾ, ਨਹੁੰ ਕੱਟਣਾ ਆਦਿ।

4. **ਅਨੁਸ਼ਾਸਨ (Discipline)**:- ਸਕੂਲ ਵਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ।

5. **ਭਾਗ ਲੈਣਾ (Participation)**:- ਸਕੂਲ ਵਲੋਂ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ।

6. **ਈਮਾਨਦਾਰੀ (Honesty)**:- ਕੰਮ ਅਤੇ ਵਿਵਹਾਰ ਵਿੱਚ ਈਮਾਨਦਾਰੀ।

7. **ਪ੍ਰਸ਼ਨ ਪੁੱਛਣਾ (Questioning)**:- ਪੜ੍ਹਾਏ ਜਾ ਰਹੇ ਵਿਸ਼ੇ ਬਾਰੇ ਅਭਿਆਸ ਤੋਂ ਬਾਹਰੇ ਹੋਰ ਪ੍ਰਸ਼ਨ ਪੁੱਛਣਾ।

8. **ਸੱਚਾਈ (Truthfulness)**:- ਚਾਹੇ ਕੋਈ ਕੰਮ ਗਲਤ ਵੀ ਕੀਤਾ ਹੋਵੇ, ਫੇਰ ਵੀ ਸੱਚ ਸੱਚ ਦੱਸ ਦੇਣਾ।

9. **ਆਪਣੀਆਂ ਖਾਮੀਆਂ ਦੂਰ ਕਰਨ ਲਈ ਲਗਨ (Zeal to overcome own shortcomings)**

10. **ਉਦਾਹਰਨ ਪ੍ਰਸਤੁਤ ਕਰਨਾ (To give examples)**:- ਆਪਣੀ ਗੱਲ ਨੂੰ ਵਿਸਥਾਰ ਦੇਣ ਲਈ ਢੁੱਕਵੀਆਂ ਉਦਾਹਰਨਾਂ ਦੇਣਾ।

**ਅਭਿਵਿਅਕਤੀ (Expression)**:- ਅਭਿਵਿਅਕਤੀ ਲਈ ਹੇਠ ਲਿਖੇ ਨੁਕਤੇ ਖਾਸ ਤੌਰ ਤੇ ਧਿਆਨ ਵਿੱਚ ਰੱਖਣੇ ਹੋਣਗੇ :

1. **ਸਮਝ ਰੱਖਣਾ (To comprehend)**:- ਦੱਸੀ ਹੋਈ ਗੱਲ ਦੇ ਭਾਵ ਅਰਥ ਨੂੰ ਸਮਝ ਕੇ ਰੋਜ਼ਾਨਾ ਜੀਵਨ ਵਿੱਚ ਇਸਤੇਮਾਲ ਕਰਨਾ।

2. **ਬਦਲਣਾ (To convert)**:- ਬਦਲਵੇਂ ਢੰਗ-ਤਰੀਕਿਆਂ ਨਾਲ ਸਹੀ ਜਵਾਬ/ਨਿਸ਼ਕਰਸ਼ ਤੇ ਪਹੁੰਚਣਾ।

3. **ਫਰਕ ਸਮਝਣਾ (To distinguish)**:- ਵੱਖ-ਵੱਖ ਵਿਸ਼ਿਆਂ ਦੇ ਵੱਖ-ਵੱਖ ਸੰਕਲਪਾਂ ਵਿੱਚ ਫਰਕ ਦੀ ਸਮਝ।

4. **ਵਰਨਣ ਕਰਨਾ (To explain)**:- ਤੱਥ ਨੂੰ ਵਿਸਥਾਰ ਦੇਣਾ।

5. **ਸਿੱਟਾ ਕੱਢਣਾ (To infer)**:- ਪ੍ਰਸ਼ਨ/ਸਵਾਲ ਨੂੰ ਸਟੈੱਪ ਅਨੁਸਾਰ ਹਲ ਕਰਦੇ ਹੋਏ ਨਤੀਜੇ ਤੇ ਪਹੁੰਚਣਾ।

6. **ਪ੍ਰਮਾਣਿਤ ਕਰਨਾ (To demonstrate)**:- ਪ੍ਰਯੋਗ ਰਾਹੀਂ ਸਿੱਧ ਕਰਨਾ।

7. **ਉਚਿਤ ਸਿੱਧ ਕਰਨਾ (To justify)**:- ਆਪਣੇ ਦਿੱਤੇ ਉੱਤਰ ਨੂੰ ਸਹੀ ਹੋਣ ਬਾਰੇ ਉਦਾਹਰਨਾਂ ਦੇ ਕੇ ਦੱਸਣਾ।

8. **ਪੁਸ਼ਟੀ ਕਰਨਾ (To support)**:- ਦੂਜੇ ਵਿਦਿਆਰਥੀਆਂ ਦੇ ਦਿੱਤੇ ਉੱਤਰ ਨੂੰ ਸਹੀ ਦੱਸਣ ਲਈ ਉਸਦਾ ਸਮਰਥਨ ਕਰਨਾ।

9. **ਪ੍ਰਾਪਤ ਸੂਚਨਾ ਦਾ ਪ੍ਰਯੋਗ (To use information practically)**:- ਸਿੱਖੀ ਹੋਈ ਗੱਲ ਦਾ ਰੋਜ਼ਾਨਾ ਜੀਵਨ ਵਿੱਚ ਪ੍ਰਯੋਗ।

10. **ਕੰਮ ਪੂਰਾ ਕਰਨਾ (To complete)**:- ਦਿੱਤਾ ਹੋਇਆ ਕੰਮ ਹਰ ਤਰ੍ਹਾਂ ਨਾਲ ਪੂਰਾ ਕਰਨਾ।

11. **ਵਿਸ਼ਿਆਂ ਦਾ ਸੰਬੰਧ ਸਥਾਪਿਤ ਕਰਨਾ (To integrate)**:- ਵੱਖ-ਵੱਖ ਵਿਸ਼ਿਆਂ ਦੇ ਗਿਆਨ/ਤੱਥਾਂ ਨੂੰ ਇਕ-ਦੂਜੇ ਵਿਸ਼ੇ ਨਾਲ ਜੋੜਨਾ।

**ਉਪਰੋਕਤ ਬਿੰਦੂਆਂ ਸਬੰਧੀ ਕੁੱਝ ਪ੍ਰੈਕਟੀਕਲ ਉਦਾਹਰਨਾਂ**

ਉਪਰੋਕਤ ਅਨੁਸਾਰ ਕੋਸ਼ਿਸ਼, ਲਗਨ ਅਤੇ ਅਭਵਿਅਕਤੀ ਦੇ ਬਿੰਦੂਆਂ ਤਹਿਤ ਅਧਿਆਪਕ ਵਿਦਿਅਰਥੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਵੱਖ ਵੱਖ ਵਿਸ਼ਿਆਂ ਵਿੱਚ ਹੇਠ ਲਿਖੇ ਅਨੁਸਾਰ ਕਰ ਸਕਦੇ ਹਨ:

## ਗਣਿਤ

ਪ੍ਰਾਇਮਰੀ ਪੱਧਰ ਤੇ ਅੰਕ ਕਿਰਿਆਵਾਂ (Number Operations) ਵਿਦਿਆਰਥੀਆਂ ਅੰਦਰ ਸਵਾਲਾਂ ਨੂੰ ਹਲ ਕਰਨ ਦੀ ਯੋਗਤਾ ਦਾ ਵਿਕਾਸ ਕਰਨ ਵਿੱਚ ਸਹਾਇਕ ਸਿੱਧ ਹੋ ਸਕਦੇ ਹਨ। ਵਿਦਿਆਰਥੀਆਂ ਦੀ ਅੰਕ ਕਿਰਿਆਵਾਂ ਬਾਰੇ ਸਮਝ ਦਾ ਮੁਲਾਂਕਣ ਕਰਨ ਲਈ ਉਹਨਾਂ ਨੂੰ ਕੋਈ ਨਾ ਕੋਈ ਗਤੀਵਿਧੀ ਕਰਨ ਲਈ ਦਿੱਤੀ ਜਾਵੇ। ਗਤੀਵਿਧੀ ਕਰਨ **ਸਮੇਂ** ਦੌਰਾਨ ਹੀ ਬੱਚੇ-ਬੱਚੀਆਂ ਗਣਿਤਕ ਗਿਆਨ ਦਾ ਪ੍ਰਗਟਾਵਾ ਕਰ ਸਕਦੇ ਹਨ ਅਤੇ ਇਸੇ ਦੌਰਾਨ ਹੀ ਇਹ ਵੀ ਪਤਾ ਲਗਦਾ ਹੈ ਕਿ ਉਹਨਾਂ ਅੰਦਰ ਸਥਿਤੀ ਅਨੁਸਾਰ ਸਵਾਲ ਹੱਲ ਕਰਨ ਦੀ ਯੋਗਤਾ ਨੂੰ ਪਰਖਣ ਹਿਤ ਅਧਿਆਪਕ ਬੱਚੇ/ਬੱਚੀਆਂ ਨੂੰ ਹੇਠ ਲਿਖੇ ਢੰਗਾਂ ਨਾਲ ਸਵਾਲ ਹੱਲ ਕਰਨ ਲਈ ਕਹਿ ਸਕਦਾ ਹੈ:

-ਸਵਾਲ ਨੂੰ ਮਨੋਂ-ਮਨੀਂ ਸੁਲਝਾਓ ਪਰ ਜੇਕਰ ਬੱਚਾ/ਬੱਚੀ ਇਸ ਨੂੰ ਲਿਖ ਕੇ ਹੱਲ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਅਜਿਹਾ ਕਰਨ ਦਿੱਤਾ ਜਾਣਾ ਚਾਹੀਦਾ ਹੈ।

-ਇੱਥੇ ਅਧਿਆਪਕ ਇਹ ਦੇਖੇ ਕਿ ਉਹ ਸਵਾਲ ਨੂੰ ਕਿਵੇਂ ਸਮਝਦੇ ਹਨ ਅਤੇ ਉਸ ਨੂੰ ਕਿਵੇਂ ਹੱਲ ਕਰਦੇ ਹਨ।

- ਹੇਠਾਂ ਇੱਕ ਉਦਾਹਰਨ ਦਿੱਤੀ ਗਈ ਹੈ ਜਿਸ ਦੀ ਸਹਾਇਤਾ ਨਾਲ ਅਧਿਆਪਕ ਬੱਚੇ/ਬੱਚੀਆਂ ਦੀ ਸੰਕਲਪ (Concept) ਪ੍ਰਤੀ ਸਮਝ ਦਾ ਮੁਲਾਂਕਣ ਕਰ ਸਕਦਾ ਹੈ:

**ਅਧਿਆਪਕ:-** ਸੋਨੀ ਕੋਲ ਛੇ ਪੈਂਨਸਿਲਾਂ ਹਨ। ਉਸ ਦੇ ਮਾਤਾ **ਜੀ** ਨੇ ਉਸ ਨੂੰ ਕੁੱਝ ਹੋਰ ਪੈਂਨਸਿਲਾਂ ਦਿੱਤੀਆਂ। ਹੁਣ ਸੋਨੀ ਕੋਲ ਤੇਰਾਂ ਪੈਂਨਸਿਲਾਂ ਹੋ ਗਈਆਂ। ਦੱਸ, ਉਸ ਦੇ ਮਾਤਾ **ਜੀ** ਨੇ ਉਸ ਨੂੰ ਕਿੰਨੀਆਂ ਪੈਂਨਸਿਲਾਂ ਦਿੱਤੀਆਂ?

**ਬੱਚਾ/ਬੱਚੀ:-** (ਕੁੱਝ ਸਮਾਂ ਸੋਚਣ ਤੋਂ ਬਾਅਦ) 7 ਪੈਂਨਸਿਲਾਂ।

**ਅਧਿਆਪਕ:-** ਤੁਹਾਨੂੰ ਇਹ ਕਿਵੇਂ ਪਤਾ ਲੱਗਾ?

**ਬੱਚਾ/ਬੱਚੀ:-** ਦੇਖੋ, ਸੋਨੀ ਕੋਲ ਛੇ ਪੈਂਨਸਿਲਾਂ ਸਨ।(ਆਪਣੇ ਖੱਬੇ ਹੱਥ ਦੀਆਂ ਉਂਗਲਾਂ ਦੇ ਛੇ ਪੋਟੇ ਦਿਖਾਉਂਦੀ ਹੈ। ਇਹਨਾਂ ਵਿਚ ਕੁੱਝ ਹੋਰ ਪੈਂਨਸਿਲਾਂ ਜੁੜ ਗਈਆਂ। ਸੱਜੇ ਹੱਥ ਨਾਲ ਛੇ ਤੋਂ

ਅੱਗੇ ਤੇਰਾਂ ਤੱਕ ਗਿਣਦੀ ਹੈ।ਤੇਰਾਂ ਤੱਕ ਗਿਣਨ ਤੋਂ ਬਾਅਦ ਉਹ ਛੇ ਤੋਂ ਅੱਗੇ ਗਿਣਦੀ ਹੈ ਅਤੇ ਜਵਾਬ ਦਿੰਦੀ ਹੈ ਕਿ ਸੋਨੀ ਦੀ ਮਾਤਾ ਨੇ ਉਸ ਨੂੰ ਸੱਤ ਪੈਨਸਿਲਾਂ ਦਿੱਤੀਆਂ। ਇਸ ਤਰ੍ਹਾਂ ਉਸ ਕੋਲ 13 ਪੈਨਸਿਲਾਂ ਹੋ ਗਈਆਂ।)

ਬੱਚੀ ਦਾ ਇਸ ਤਰ੍ਹਾਂ ਜਵਾਬ ਦੇਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਬੱਚੇ/ ਬੱਚੀ ਨੂੰ ਅਗਿਆਤ ਸੰਖਿਆਵਾਂ ਦੀ ਸਮਝ ਹੈ। ਇਸ ਲਈ ਉਹ ਮਨੋਂ-ਮਨੀਂ ਜੋੜ ਕਰਨ ਦੀ ਸਥਿਤੀ ਵਿੱਚ ਹੈ।ਇਸ ਤੋਂ ਅੱਗੇ ਅਧਿਆਪਕ ਇਹ ਜਾਨਣ ਲਈ ਤਿਆਰ ਹੋ ਸਕਦਾ ਹੈ ਕਿ ਕੀ ਬੱਚਾ/ਬੱਚੀ ਇਸ ਸੰਕਲਪ ਨੂੰ ਲਿਖ ਕੇ ਪ੍ਰਗਟ ਕਰ ਸਕਦਾ ਹੈ?

**ਅਧਿਆਪਕ:-** ਹੇਠਲੀਆਂ ਇਬਾਰਤਾਂ ਬੱਚੇ/ਬੱਚੀਆਂ ਨੂੰ ਦਿਖਾਉਂਦਾ ਹੈ ਤੇ ਪੁੱਛਦਾ ਹੈ ਕਿ ਉੱਪਰ ਦਿੱਤੇ ਉੱਤਰ ਅਨੁਸਾਰ ਕਿਹੜੀ ਸਹੀ ਹੈ:

ੳ: 6+7=---?

ਅ: 6+----=13

**ਬੱਚਾ/ਬੱਚੀ:-** (ਅ) ਸਹੀ ਹੈ।

**ਵਿਚਾਰ-ਵਟਾਂਦਰਾ:**- ਹੁਣ ਅਧਿਆਪਕ ਨੂੰ ਪੂਰੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਜੇਕਰ ਬੱਚੇ/ਬੱਚੀ ਨੂੰ ਗਣਿਤਕ ਸੰਕੇਤਾਂ ਵਿੱਚ ਵੀ ਸਵਾਲ ਪੁੱਛਿਆ ਜਾਵੇ ਤਾਂ ਉਹ ਇਸ ਦਾ ਉੱਤਰ ਦੇ ਸਕਦਾ/ਸਕਦੀ ਹੈ।

**ਅੱਪਰ ਪ੍ਰਾਇਮਰੀ ਪੱਧਰ ਤੇ:**

**ਚਰਨ-1** ਸਭ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ
ਨੂੰ ਗੋਲ ਰੋਟੀ ਦੇ ਦੋ ਬਰਾਬਰ ਹਿੱਸੇ (ਚਿੱਤਰ ਅਨੁਸਾਰ)
ਕਰਕੇ ਦੱਸੇਗਾ ਕਿ ਹਰੇਕ ਹਿੱਸਾ ਇੱਕ ਦਾ ਅੱਧਾ ਹਿੱਸਾ ਹੈ ਭਾਵ ½ ਹੈ।

**(ਇਨ੍ਹਾਂ ਸਟੈੱਪਸ ਮੁਤਾਬਕ ਚਿੱਤਰ ਮਾਡਿਊਲ ਵਿੱਚ ਛੱਪਣਗੇ।)**

ਇਸੇ ਗੋਲ ਰੋਟੀ ਦੇ ਚਿੱਤਰ ਵਿੱਚ ਦਰਸਾਏ ਅਨੁਸਾਰ
ਤਿੰਨੇ ਬਰਾਬਰ ਭਾਗ ਕਰਨ ਤੇ ਹਰੇਕ ਹਿੱਸਾ ਪੂਰੇ ਦਾ 1/3 ਵਾਂ
ਭਾਗ ਹੋਵੇਗਾ।

**(ਇਨ੍ਹਾਂ ਸਟੈੱਪਸ ਮੁਤਾਬਕ ਚਿੱਤਰ ਮਾਡਿਊਲ ਵਿੱਚ ਛੱਪਣਗੇ।)**

ਜੇ ਇਸੇ ਗੋਲ ਰੋਟੀ ਦੇ ਬਰਾਬਰ (ਚਿੱਤਰ ਅਨੁਸਾਰ) ਚਾਰ

ਹਿੱਸੇ ਕਰੀਏ ਤਾਂ ਹਰੇਕ ਹਿੱਸਾ ਪੂਰੇ ਦਾ ¼ ਹਿੱਸਾ ਹੋਵੇਗਾ।

**(ਇਨ੍ਹਾਂ ਸਟੈੱਪਸ ਮੁਤਾਬਕ ਚਿੱਤਰ ਮਾਡਿਊਲ ਵਿੱਚ ਛੱਪਣਗੇ।)**

ਹੁਣ ਅਧਿਆਪਕ ਇਹ ਦੱਸੇਗਾ ਕਿ :

- 2/3 ਦਾ ਭਾਵ ਦੋ ਦਾ ਤੀਜਾ ਹਿੱਸਾ
- 3/5 ਦਾ ਭਾਵ ਤਿੰਨ ਦਾ ਪੰਜਵਾਂ ਹਿੱਸਾ
- 3/7 ਦਾ ਭਾਵ ਤਿੰਨ ਦਾ ਸੱਤਵਾਂ ਹਿੱਸਾ

ਇੰਨੇ ਪਗ ਚੱਲਣ ਤੋਂ ਬਾਅਦ ਜਦੋਂ ਅਧਿਆਪਕ ਵਿਦਿਆਰਥੀ ਅੱਗੇ ਭਿੰਨ 5/7 ਲਿਖ ਕੇ ਇਸ ਦੀ ਵਿਆਖਿਆ ਕਰਨ ਲਈ ਕਹੇਗਾ ਤਾਂ ਵਿਦਿਆਰਥੀ ਇਹ ਕਹਿਣ ਵਿੱਚ ਸਮੱਰਥ ਹੋਵੇਗਾ ਕਿ ਇਹ 5 ਦਾ 7ਵਾਂ ਹਿੱਸਾ ਹੈ।

ਅਧਿਆਪਕ ਆਪਣੇ ਤੌਰ ਤੇ ਹੋਰ ਭਿੰਨਾਂ ਲਿਖ ਕੇ ਇਸੇ ਵਿਸ਼ੇ ਦੀ ਪਰਿਪੱਕਤਾ ਪਰਖ ਸਕਦਾ ਹੈ।

**ਕਿਰਿਆ**:

| | | | | | | |
|---|---|---|---|---|---|---|
| | ਵ | | | | | |
| | ਵ | | | .ਵ | .ਵ | ਵ |
| | | | | .ਵ | .ਵ | .ਵ |
| .ਵ | | | | | | |
| | | ਬ | .ਵ | .ਵ | | |

ਉਪਰੋਕਤ ਕਿਰਿਆ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਵਰਗ ਬਾਕਸਾਂ (7x5=35) ਵਿੱਚ ਇੱਕ ਵਰਗ ਨੂੰ ਸੰਤਰੀ ਕਰਕੇ ਦੱਸਣਗੇ ਕਿ ਇਹ 1/35 ਹੈ, ਇਸੇ ਤਰ੍ਹਾਂ ਦੋ ਵਰਗ ਕਾਲੇ ਕਰਕੇ ਦੱਸਣ ਗੇ ਕਿ ਇਹ ਭਾਗ 2/35 ਹੈ,ਫਿਰ ਛੇ ਵਰਗ (ਚਿੱਤਰ ਅਨੁਸਾਰ) ਹਲਕੇ ਨੀਲੇ ਕਰਕੇ ਦੱਸਣਗੇ ਕਿ ਇਹ 6/35 ਹੈ।ਉਪਰੰਤ ਅਧਿਆਪਕ ਤਿੰਨ ਭਾਗ ਗੂੜ੍ਹੇ ਨੀਲੇ ਕਰਕੇ ਵਿਦਿਆਰਥੀਆਂ ਨੂੰ ਪੁੱਛਣਗੇ ਕਿ ਇਹ ਕਿਸ ਸੰਖਿਆ/ ਭਿੰਨ ਨੂੰ ਦਰਸਾਵੇਗਾ? ਸੰਭਵ ਹੈ ਕਿ ਵਿਦਿਆਰਥੀ ਚਿੱਤਰ ਦੇਖ ਕੇ ਇਹ ਕਹਿਣ ਵਿੱਚ ਸਮਰੱਥ ਹੋਣ ਕਿ ਇਹ 3/35 ਹੈ।ਇਸ ਨਾਲ਼ ਅਧਿਆਪਕ ਇਹ ਮੁਲਾਂਕਣ ਕਰ ਸਕਣ ਵਿੱਚ ਕਾਮਯਾਬ ਹੋ ਸਕੇਗਾ ਕਿ ਬੱਚੇ/ਬੱਚੀਆਂ

ਰੋਜ਼ਾਨਾ ਜੀਵਨ ਵਿੱਚ ਹਿੱਸਿਆਂ  ਦੇ ਰੂਪ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਭਿੰਨਾਂ ਦੇ ਰੂਪ ਵਿਚ ਪੜ੍ਹ ਸਕਦੇ/ ਸਕਦੀਆਂ ਹਨ।

**ਵਿਗਿਆਨ:**

ਵਿਗਿਆਨ ਦੇ ਵਿਸ਼ਿਆਂ ਪ੍ਰਤੀ ਬੱਚੇ/ਬੱਚੀਆਂ ਦੀ ਸਮਝ ਦਾ ਉਮਰਵਰਗ ਦੇ ਹਿਸਾਬ ਨਾਲ਼ ਹੇਠ ਲਿਖੇ ਦੀ ਤਰ੍ਹਾਂ ਮੁਲਾਂਕਣ ਕੀਤਾ ਜਾ ਸਕਦਾ ਹੈ।ਉਦਾਹਰਨ ਲਈ ਦੇਖਿਆ ਜਾ ਸਕਦਾ ਹੈ:

**ਸੰਕਲਪ: ਹਵਾ ਅਤੇ ਇਸ ਦੀ ਜ਼ਰੂਰਤ**

(ਇਸ ਸੰਕਲਪ ਨੂੰ ਉਮਰ ਵਰਗ ਦੇ ਅਨੁਸਾਰ ਸਮਝਣ- ਸਮਝਾਉਣ ਦੀ ਕਿਰਿਆ ਕੀਤੀ ਜਾ ਸਕਦੀ ਹੈ)

ਇਸ ਸੰਕਲਪ ਰਾਹੀਂ ਅਧਿਆਪਕ ਇਹ ਜਾਨਣ ਦੀ ਕੋਸ਼ਿਸ਼ ਕਰੇਗਾ ਕਿ ਬੱਚੇ/ਬੱਚੀਆਂ ਕਿੰਨੀ ਉਮਰ ਵਿੱਚ ਕਿੰਨੇ ਤਰ੍ਹਾਂ ਦਾ ਸੰਕਲਪ ਕਿੰਨੀ ਹਦ ਤੱਕ ਗ੍ਰਹਿਣ ਕਰਦੇ ਹਨ। ਉਹਨਾਂ ਦੀ ਉਮਰ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸੰਕਲਪ ਦੀ ਤਹਿ ਤੱਕ ਪਹੁੰਚਣ ਅਤੇ ਨਾਲ਼ ਨਾਲ਼ ਹੀ ਬੱਚਿਆਂ ਦਾ ਮੁਲਾਂਕਣ ਕਰਨ ਲਈ ਅਧਿਆਪਕ ਹੇਠ ਲਿਖੇ ਅਨੁਸਾਰ ਪ੍ਰਕ੍ਰਿਆ ਅਖ਼ਤਿਆਰ ਕਰ ਸਕਦੇ ਹਨ:

**ਅਧਿਆਪਕ:-** ਸਾਡੇ ਚਾਰੇ ਪਾਸੇ ਕੀ ਹੈ?

**ਬੱਚੇ/ਬੱਚੀਆਂ:-** ਡੈਸਕ, ਕੁਰਸੀ, ਮੇਜ਼, ਦਰਖ਼ਤ, ਤੁਸੀਂ, ਬਾਲਾ, ਰਾਣੀ, ਕੰਧ, ਖਿੜਕੀ...

**ਅਧਿਆਪਕ:-** ਨਹੀਂ  ਨਹੀਂ....ਕੋਈ ਇਹੋ ਜਿਹੀ ਚੀਜ਼ ਬਾਰੇ ਦੱਸੋ ਜੋ ਹੈ ਤਾਂ ਸਹੀ ਪਰ ਦਿਖਾਈ ਨਹੀਂ ਦਿੰਦੀ।

**ਇੱਕ ਬੱਚਾ:-** ਖੁਸ਼ਬੂ

**ਦੂਜੀ ਬੱਚੀ:-** ਬਦਬੂ

**ਬਾਕੀ ਬੱਚੇ-ਬੱਚੀਆਂ:-** ਸਾਹ

ਪ੍ਰਸ਼ਨ ਦਾ ਨੇੜਲਾ ਕੋਈ ਜਵਾਬ ਨਾ ਮਿਲਦਾ ਦੇਖ ਕੇ ਕਹਿ ਸਕਦਾ ਹੈ- ਕੀ ਤੁਹਾਡੇ ਸਾਰਿਆਂ ਦੇ ਨੱਕ ਵਿੱਚੋਂ ਹਵਾ ਬਾਹਰ ਨਿਕਲਦੀ ਮਹਿਸੂਸ ਨਹੀਂ ਹੋ ਰਹੀ? (ਉੱਚੀ ਆਵਾਜ਼ ਵਿੱਚ): ਸਾਡੇ ਸਾਰਿਆਂ ਦੇ ਇਰਦ ਗਿਰਦ ਹਵਾ ਹੈ।

ਬੱਚੇ-ਬੱਚੀਆਂ = ਹਾਂ ਜੀ।

**ਅਧਿਆਪਕ:-** ਅੱਜ ਅਸੀਂ ਕੁਝ ਗਤੀਵਿਧੀ ਕਰਾਂਗੇ ਜਿਸ ਤੋਂ ਸਾਨੂੰ ਪਤਾ ਲੱਗੇਗਾ ਕਿ ਹਵਾ ਅਤੇ ਇਸ ਦੇ ਬਲਣ ਵਿੱਚ ਕੀ ਰਿਸ਼ਤਾ ਹੈ? ਹਵਾ ਬਲਣ ਵਿੱਚ ਕਿਵੇਂ ਸਹਾਇਤਾ ਕਰਦੀ ਹੈ?

(ਅਧਿਆਪਕ ਬੱਚਿਆਂ ਨੂੰ ਇੱਕ ਗਤੀਵਿਧੀ ਕਰਕੇ ਦਿਖਾਵੇਗਾ। ਅਧਿਆਪਕ ਮੋਮਬੱਤੀ ਬਾਲ ਕੇ ਉਸ ਉੱਪਰ ਗਲਾਸ ਰੱਖੇਗਾ ਤੇ ਕਹੇਗਾ:

**ਅਧਿਆਪਕ:**- ਜਲਦੀ ਹੋਈ ਮੋਮਬੱਤੀ ਥੋੜੇ ਚਿਰ ਬਾਅਦ ਕਿਉਂ ਬੁੱਝ ਗਈ?

**ਇੱਕ ਬੱਚਾ:**- ਕਿਉਂ ਕਿ ਇਹ ਗਲਾਸ ਨੂੰ ਛੋਹ ਗਈ ਸੀ।

**ਦੂਜਾ ਬੱਚਾ:**- ਕਾਲਖ ਕਰਕੇ ਬੁੱਝ ਗਈ।

(ਅਧਿਆਪਕ ਦੂਜੇ ਬੱਚਿਆਂ ਨੂੰ ਜਵਾਬ ਦੇਣ ਲਈ ਉਤਸਾਹਿਤ ਕਰੇਗਾ।)

**ਇੱਕ ਬੱਚੀ:**- ਮੈਂ ਸਵੇਰੇ ਸਟੋਵ ਜਲਾਉਣ ਲਈ ਤੀਲੀ ਕੱਢੀ ਪਰ ਉਹ ਜਲ ਨਹੀਂ ਸੀ ਰਹੀ।ਉਦੋਂ ਮਾਤਾ ਜੀ ਨੇ ਕਿਹਾ ਕਿ ਇਹ ਸਿੱਲੀ ਹੋ ਗਈ ਹੈ।

ਅਧਿਆਪਕ ਇੱਕ ਕਦਮ ਹੋਰ ਅੱਗੇ ਗਤੀਵਿਧੀ ਕਰਨੀ ਜਾਰੀ ਰੱਖ ਸਕਦਾ ਹੈ।ਉਸਨੇ ਕੱਚ ਦੇ ਦੋ ਹੋਰ ਜਾਰ ਸਾਹਮਣੇ ਰੱਖਦੇ ਹੋਏ ਤਿੰਨ ਮੋਮਬੱਤੀਆਂ ਬਾਲੇਗਾ। ਇੱਕ ਮੋਮਬੱਤੀ ਉੱਪਰ ਸਭ ਤੋਂ ਛੋਟਾ ਜਾਰ,ਇੱਕ ਉੱਪਰ ਉਸ ਤੋਂ ਥੋੜਾ ਵੱਡਾ ਜਾਰ ਤੇ ਤੀਸਰੀ ਉੱਪਰ ਸਭ ਤੋਂ ਵੱਡਾ ਜਾਰ ਮੂਧਾ ਕਰਕੇ ਰੱਖ ਦੇਵੇਗਾ।

**ਅਧਿਆਪਕ:**- ਸਭ ਤੋਂ ਪਹਿਲਾਂ ਕਿਹੜੇ ਜਾਰ ਦੇ ਹੇਠਾਂ ਵਾਲੀ ਮੋਮਬੱਤੀ ਬੁਝੀ ਅਤੇ ਸਭ ਤੋਂ ਬਾਅਦ ਵਿੱਚ ਸਭ ਤੋਂ ਵੱਡੇ ਜਾਰ ਵਾਲੀ ਮੋਮਬੱਤੀ ਬੁਝੀ ਕਿਉਂਕਿ ਛੋਟੇ ਜਾਰ ਵਿੱਚ ਮੋਮਬੱਤੀ ਜਲਦੀ ਬੁਝਦੀ ਹੈ।

**ਹੁਣ ਤੁਸੀਂ ਦੱਸੋ ਕਿ** ਇਹ ਕਿਉਂ ਹੋਇਆ? ਜਾਰ ਵਿੱਚ ਹਵਾ ਹੈ ਨ...? ਇਸ ਬਾਰੇ ਸੋਚ ਕੇ ਦੱਸੋ।

**ਇੱਕ ਹੋਰ ਬੱਚਾ:**- ਪਰ ਹਵਾ ਵਿੱਚ ਤਾਂ ਮੋਮਬੱਤੀ ਬੁਝ ਜਾਂਦੀ ਹੈ।

ਇੱਥੇ ਅਧਿਆਪਕ ਮਹਿਸੂਸ ਕਰ ਸਕਦਾ ਹੈ ਕਿ ਇਹ ਸੰਕਲਪ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਔਖਾ ਹੈ, ਇਸ ਲਈ ਉਹਨਾਂ ਦੇ ਸੰਕਲਪ ਦੀ ਠੋਸਤਾ ਦੇ ਆਧਾਰ ਤੇ ਮੁਲਾਂਕਣ ਕਰਨਾ ਔਖਾ ਹੈ।

ਉਮਰ ਅਤੇ ਸਮਝ ਦੇ ਆਧਾਰ ਤੇ ਬੱਚਿਆਂ ਰਾਹੀਂ ਹੇਠਾਂ ਦਿੱਤੇ ਕੁਝ ਉੱਤਰ ਦੱਸਦੇ ਹਨ ਕਿ ਬੱਚੇ ਹਵਾ ਬਾਰੇ ਸੱਚਮੁੱਚ ਕੀ ਜਾਣਦੇ ਹਨ?

ਦੂਜੀ-ਤੀਸਰੀ ਜਮਾਤ ਦੇ ਬੱਚੇ ਸਿਰਫ਼ ਐਨਾ ਕੁ ਹੀ ਜਾਣਦੇ ਹੋ ਸਕਦੇ ਹਨ ਕਿ ਜਦੋਂ ਪੱਖਾ ਚੱਲਦਾ ਹੈ ਜਾਂ ਪੱਤੇ ਹਿੱਲਦੇ ਹਨ ਤਾਂ ਹਵਾ ਆਉਂਦੀ ਹੈ। ਇਸ ਕਮਰੇ ਵਿੱਚ ਪੱਖਾ ਨਹੀਂ ਚੱਲ ਰਿਹਾ ਤਾਂ ਹਵਾ ਨਹੀਂ ਹੈ।

ਚੌਥੀ ਜਮਾਤ ਦਾ ਬੱਚਾ ਕਹਿ ਸਕਦਾ ਹੈ ਕਿ ਦਰੱਖਤ, ਬੂਟੇ ਹਵਾ ਦਿੰਦੇ ਹਨ। ਹਵਾ ਇਹਨਾਂ ਦੇ ਅੰਦਰੋਂ ਨਿਕਲਦੀ ਹੈ---- ਹਵਾ ਖਿੜਕੀਆਂ ਰਾਹੀਂ ਅੰਦਰ ਆਉਂਦੀ ਹੈ।

ਛੇਵੀਂ ਜਮਾਤ ਦਾ ਬੱਚਾ ਕਹਿੰਦਾ ਹੈ ਕਿ ਕਿਉਂਕਿ ਹਵਾ ਹਰ ਪਾਸੇ ਹੁੰਦੀ ਹੈ, ਇਸ ਲਈ ਹਵਾ ਇਸ ਖੁੱਲ੍ਹੇ ਗਲਾਸ ਵਿੱਚ ਵੀ ਵੜ ਗਈ ਹੋਵੇਗੀ----- ਜਦੋਂ ਹਵਾ ਇੱਕ ਜਗ੍ਹਾ ਜਮ੍ਹਾ ਹੁੰਦੀ ਹੈ ਤਾਂ ਭਾਰੀ ਲੱਗਦੀ ਹੈ ਵਰਨਾ ਫ਼ੈਲਣ ਤੇ ਭਾਰ ਦਾ ਪਤਾ ਨਹੀਂ ਲੱਗਦਾ।

ਬੱਚੇ/ਬੱਚੀ ਦੇ ਛੇਵੀਂ ਜਮਾਤ ਤੱਕ ਆਉਂਦੇ-ਆਉਂਦੇ ਅਧਿਆਪਕ ਇਹ ਮਹਿਸੂਸ ਕਰਦਾ ਹੈ ਕਿ ਇੱਥੇ ਆ ਕੇ ਬੱਚਾ/ਬੱਚੀ ਹਵਾ ਬਾਰੇ ਥੋੜ੍ਹਾ ਠੀਕ ਸਮਝਣ ਲੱਗੇ ਹਨ, ਜਦੋਂ ਉਹ ਕਹਿੰਦੇ ਹਨ ਕਿ---- "ਕਿਉਂਕਿ ਹਵਾ ਹਰ ਪਾਸੇ ਹੁੰਦੀ ਹੈ, ਇਸ ਲਈ ਇਸ ਖੁੱਲ੍ਹੇ ਗਲਾਸ ਵਿੱਚ ਵੀ ਵੜ ਗਈ ਹੋਵੇਗੀ।"

**ਇੱਥੇ ਅਧਿਆਪਕ ਫ਼ਿਰ ਇਹ ਪ੍ਰਯੋਗ ਕਰ ਸਕਦਾ ਹੈ:-**

**ਇੱਥੇ ਮੋਮਬੱਤੀਆਂ ਦੇ ਚਿੱਤਰ ਵਾਲਾ ਪ੍ਰਯੋਗ ਹੈ, ਮਾਡਿਊਲ ਵਿੱਚ ਪੂਰੀ ਤਰ੍ਹਾਂ ਛੱਪ ਕੇ ਸਾਹਮਣੇ ਆ ਜਾਵੇਗਾ।**

ਇਸ ਪ੍ਰਯੋਗ ਦੇ ਜਵਾਬ ਵਿੱਚ ਬੱਚੇ ਨਿਚੋੜ ਕੱਢ ਸਕਦੇ ਹਨ ਕਿ ਹਵਾ ਨਾਈਟਰੋਜ਼ਨ, ਆਕਸੀਜਨ, ਜਲਵਾਸ਼ਪ, ਧੂੜਕਣਾਂ ਆਦਿ ਦਾ ਮਿਸ਼ਰਣ ਹੈ। ਕਿਸੇ ਵੀ ਚੀਜ਼ ਨੂੰ ਬਲਣ ਲਈ ਹਵਾ ਜ਼ਰੂਰੀ ਚਾਹੀਦੀ ਹੈ। ਛੋਟੇ ਜਾਰ ਵਿੱਚ ਇਹ ਮੋਮਬੱਤੀ ਇਸ ਲਈ ਜਲਦੀ ਬੁਝੀ ਕਿਉਂਕਿ ਇਸ ਵਿੱਚ ਹਵਾ ਘੱਟ ਸੀ। ਉਸ ਤੋਂ ਵੱਡੇ ਜਾਰ ਵਿੱਚ ਥੋੜ੍ਹੀ ਜਿਹੀ ਹਵਾ ਜ਼ਿਆਦਾ ਸੀ, ਇਸ

ਕਰਕੇ ਇਹ ਅੰਦਰਲੀ ਮੋਮਬੱਤੀ ਬਾਅਦ ਵਿੱਚ ਬੁਝੀ। ਸਭ ਤੋਂ ਵੱਡੇ ਜਾਰ ਵਿੱਚ ਹਵਾ ਸਭ ਤੋਂ ਜ਼ਿਆਦਾ ਸੀ, ਇਸ ਲਈ ਉਸ ਦੀ ਮੋਮਬੱਤੀ ਸਭ ਤੋਂ ਬਾਅਦ ਵਿੱਚ ਬੁਝੀ।

ਬੱਚੇ ਦੇ ਅਜਿਹੇ ਉੱਤਰ ਦੇ ਆਧਾਰ ਤੇ ਅਧਿਆਪਕ ਨੂੰ ਇਹ ਪਤਾ ਲੱਗ ਜਾਵੇਗਾ ਕਿ ਬੱਚਾ ਪੂਰੀ ਤਰ੍ਹਾਂ ਜਾਣ ਗਿਆ ਹੈ ਕਿ ਬਲਣ ਲਈ ਹਵਾ ਜ਼ਰੂਰੀ ਹੈ।

ਇਸ ਤਰ੍ਹਾਂ ਉਪਰੋਕਤ ਸੰਕਲਪ ਦੇ ਮੱਦੇਨਜ਼ਰ ਅਧਿਆਪਕ ਵਿਦਿਆਰਥੀਆਂ ਦੀ ਸਮਝ ਦਾ ਮੁਲਾਂਕਣ ਕਰਦਾ ਚਲਿਆ ਜਾਵੇਗਾ।

**ਸਮਾਜਿਕ ਵਿਗਿਆਨ**

ਕਿਉਂਕਿ ਵਿਦਿਆਰਥੀਆਂ ਦਾ ਉਚਿਤ ਮੁਲਾਂਕਣ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਦਾ ਅਨਿਖੜਵਾਂ ਅੰਗ ਹੈ। ਇਸ ਲਈ ਅੱਪਰ ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਨੂੰ ਸਮਾਜਿਕ ਸਿੱਖਿਆ ਦਾ ਵਿਸ਼ਾ ਇਸ ਢੰਗ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ ਕਿ ਵਿਦਿਆਰਥੀ ਇਸ ਵਿਸ਼ੇ ਨੂੰ ਰੋਚਕ, ਤਨਾਅ ਮੁਕਤ ਅਤੇ ਗਿਆਨ ਵਰਧੱਕ ਢੰਗ ਨਾਲ ਪੜ੍ਹ ਸਕੇ ਅਤੇ ਉਸਨੂੰ ਆਪਣੇ ਚੌਗਿਰਦੇ ਨਾਲ ਜੋੜ (Corelate) ਸਕੇ । ਨਾਲ ਹੀ ਇਸ ਵਿਸ਼ੇ ਦੇ ਗਿਆਨ ਨੂੰ ਆਪਣੇ ਭਵਿੱਖ ਵਿੱਚ ਆਉਣ ਵਾਲੀਆਂ ਲੋੜਾਂ ਅਤੇ ਚੁਣੌਤੀਆਂ ਲਈ ਵਰਤ ਸਕੇ।

ਇਸਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਮੁਲਾਂਕਣ ਕਰਨ ਦੀ ਪੂਰਵ ਪ੍ਰਚਲਿਤ ਵਿਧੀ ਭਾਵ ਲਿਖਤੀ ਜਾਂਚ ਰਾਹੀਂ ਹੀ ਵਿਦਿਆਰਥੀ ਦੀ ਯੋਗਤਾ ਨੂੰ ਮਾਪਣ ਨੂੰ ਆਧਾਰ ਨਾ ਮੰਨ ਲਿਆ ਜਾਵੇ। ਮੁਲਾਂਕਣ ਵਿੱਚ ਵਿਦਿਆਰਥੀ ਦਾ ਸੂਚਨਾ/ਗਿਆਨ ਨੂੰ ਪੇਸ਼ ਕਰਨ ਦਾ ਢੰਗ, ਉਸਦੀ ਕਲਪਨਾਸ਼ੀਲਤਾ ਅਤੇ ਉਸਦੀ ਜਾਣਕਾਰੀ ਨੂੰ ਅਰਥ-ਪੂਰਨ ਢੰਗ ਨਾਲ ਵਰਤਨ ਦੀ ਯੋਗਤਾ ਨੂੰ ਵੀ ਜਾਂਚ ਲਿਆ ਜਾਵੇ ਤਾਂ ਜੋ ਬੱਚੇ/ਬੱਚੀ ਦੇ ਪੱਧਰ/ਜਮਾਤ/ਉਮਰ ਗੁੱਟ ਅਨੁਸਾਰ ਉਸ ਦੀ ਸਮੁੱਚੀ ਯੋਗਤਾ ਦੀ ਜਾਂਚ ਹੋ ਸਕੇ।

ਇਸ ਵਿਸ਼ੇ ਨੂੰ ਰੋਚਕ ਢੰਗ ਨਾਲ ਪੜ੍ਹਾਉਣ ਦੀਆਂ ਕੁਝ ਵਿਧੀਆਂ ਹੇਠ ਲਿਖੇ ਅਨਸੁਾਰ ਹਨ:

1. ਸਿੱਖਣ ਦੀ ਵਿਧੀ ਬਾਰੇ ਜਾਣਕਾਰੀ (ਭਾਵ ਅਸੀਂ ਕਿਵੇਂ ਸਿੱਖਦੇ ਹਾਂ)
2. ਪੂਰਵ ਜਾਣਕਾਰੀ ਨੂੰ ਗਤੀਸ਼ੀਲ ਕਰਨਾ।
3. ਮਿਲ-ਜੁਲ ਕੇ ਸਿੱਖਣਾ
4. ਜਾਂਚ ਕਰਨ ਦੀ ਵਿਧੀ ਸਿਖਾਉਣਾ (ਜਿਸ ਵਿੱਚ ਪ੍ਰਸ਼ਨ ਪੁੱਛਣਾ, ਆਂਕੜਿਆਂ ਦੇ ਅਰਥ ਸਮਝਣੇ ਆਦਿ (like Production data, Climate data etc.)
5. ਸਮੱਸਿਆ ਨਿਵਾਰਨ ਵਿਧੀ (Problem Solving)

6. ਖੇਤਰ ਵਿੱਚ ਜਾ ਕੇ ਸੂਚਨਾਵਾਂ ਇਕੱਠੀਆਂ (Community based Information)

7. ਤਸਵੀਰਾਂ ਅਤੇ ਗਰਾਫ਼ ਆਦਿ ਦੀ ਭਾਸ਼ਾ ਨੂੰ ਸਮਝਣਾ।

8. ਸੰਦਰਭ ਪੁਸਤਕਾਂ (Reference Books) ਅਤੇ ਸਰੋਤਾਂ ਦਾ ਇਸਤੇਮਾਲ ਕਰਨਾ ਅਤੇ ਸਿੱਖਣਾ।

9. ਵਿਚਾਰ ਚਰਚਾ ਕਰਨਾ (Class/Group discussion/Debate)

10. ਸਾਂਗ ਰਚਾਉਣਾ (Role Play) ਅਤੇ ਕਹਾਣੀ ਵਿਧੀ ਦਾ ਇਸਤੇਮਾਲ ਕਰਨਾ ਅਦਿ।

ਜਮਾਤ ਵਿੱਚ ਕਿਸੇ ਵੀ ਪਾਠ ਨੂੰ ਉੱਪਰ ਸੁਝਾਈਆਂ ਵਿਧੀਆਂ ਨਾਲ ਪੜ੍ਹਾਉਣ ਅਤੇ ਬੱਚੇ-ਬੱਚੀਆਂ ਨੂੰ ਇਹਨਾਂ ਦੇ ਅਧਾਰ ਤੇ ਮੁਲਾਂਕਣ ਕਰਨ ਲਈ ਅਧਿਆਪਕ ਨੂੰ ਕੁਝ ਪੜਾਅ ਨਿਰਧਾਰਿਤ ਕਰਨ ਦੀ ਜ਼ਰੂਰਤ ਹੋਵੇਗੀ। ਇਹ ਪੜਾਅ ਹੇਠ ਅਨੁਸਾਰ ਹੋ ਸਕਦੇ ਹਨ:

1. ਸੰਕਲਪ ਦਾ ਪਰਿਚੈ (Introduction)
2. ਜ਼ੁਬਾਨੀ **ਮੁਲਾਂਕਣ** (Oral Evaluation)
3. ਲਿਖਤੀ **ਮੁਲਾਂਕਣ** (Written Evaluation)
4. ਪ੍ਰਾਜੈਕਟ/ਵਿੱਦਿਅਕ ਟੂਰ ਕਿਰਿਆਵਾਂ (Project/Trips/Activity)
5. ਵਿਚਾਰ ਚਰਚਾ (Discussion)

ਇਸ ਸਾਰੀ ਵਿਚਾਰ ਚਰਚਾ ਦੇ ਸਨਮੁਖ ਬੱਚੇ-ਬੱਚੀ ਦੇ ਲਗਾਤਾਰ ਅਤੇ ਸਮੁੱਚੇ ਮੁਲਾਂਕਣ ਲਈ ਹੇਠ ਲਿਖੇ ਇਤਿਹਾਸਕ ਸੰਕਲਪ ਦੇ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ:

**ਸੰਕਲਪ: ਪ੍ਰਾਚੀਨ ਇਤਿਹਾਸ ਦਾ ਅਧਿਐਨ-ਸ੍ਰੋਤ**

**ਸਟੈੱਪ-1:-** ਜਾਣ-ਪਛਾਣ ਪਾਠ ਨਾਲ ਜੋੜਨ ਦੀ ਕ੍ਰਿਆ (Activating Previous Knowledge)

ਪਾਠ ਸ਼ੁਰੂ ਕਰਨ ਤੋਂ ਪਹਿਲਾਂ ਪੂਰਵ ਗਿਆਨ ਨੂੰ ਗਤੀਸ਼ੀਲ ਬਨਾਉਣਾ ਹੋਵੇਗਾ। ਇਸਲਈ ਅਧਿਆਪਕ ਪਹਿਲਾਂ ਬੱਚਿਆਂ ਕੋਲੋਂ ਉਹਨਾਂ ਦੀ ਉਮਰ ਪੁੱਛੇ। ਉਹਨਾਂ ਦੀ ਉਮਰ ਤੋਂ ਪਿਛਲੇ ਸਮੇਂ ਦੀਆਂ ਘਟਨਾਵਾਂ ਆਦਿ ਬਾਰੇ ਪੁੱਛੇ ਕਿ ਉਹਨਾਂ ਬਾਰੇ ਉਹਨਾਂ ਨੂੰ ਕਿੱਥੋਂ ਪਤਾ ਲੱਗਾ। ਜਿਵੇਂ:

- ਤੁਹਾਡੇ ਦਾਦਾ ਜੀ ਦਾ ਨਾਂ ਕੀ ਹੈ?
- ਤੁਹਾਡੇ ਪੜਦਾਦਾ ਜੀ ਦਾ ਨਾਂ ਕੀ ਹੈ?

- ਤੁਹਾਡੇ ਪੜਦਾਦਾ ਜੀ ਦੇ ਗੁਣ ਕੀ ਸਨ, ਉਹ ਕਿਹੋ ਜਿਹੇ ਸਨ, ਉਨ੍ਹਾਂ ਦੀ ਰਹਿਣੀ ਬਹਿਣੀ ਕਿਹੋ ਜਿਹੀ ਸੀ, ਖਾਣ-ਪੀਣ ਕਿਹੋ ਜਿਹਾ ਸੀ, ਉਹਨਾਂ ਦਾ ਕੰਮ ਕਾਜ ਕੀ ਸੀ?

(ਬੱਚੇ-ਬੱਚੀਆਂ ਆਪੋ-ਆਪਣੇ ਪੁਰਖਿਆਂ ਬਾਰੇ ਜਿੰਨਾ ਕੁੱਝ ਜਾਣਦੇ ਹੋਣਗੇ, ਹੁੰਮ ਹੁਮਾ ਕੇ ਦੱਸਣਗੇ ਜਿਸ ਤੋਂ ਅਧਿਆਪਕ ਇਹ ਪਰਖ ਸਕਣ ਵਿੱਚ ਕਾਮਯਾਬ ਹੋ ਸਕੇਗਾ ਕਿ ਬੱਚੇ ਇਤਿਹਾਸ ਦੇ ਸ਼ਬਦੀ ਸੰਕਲਪ ਵੱਲ ਰੁਚਿਤ ਹੋ ਰਹੇ ਹਨ।)

ਇਸ ਤੋਂ ਹੋਰ ਅਗਲੇ ਪੜਾਅ ਵੱਲ ਵਧਣ ਲਈ ਅਧਿਆਪਕ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛ ਸਕਦਾ ਹੈ:

ਪ੍ਰਸ਼ਨ: ਤੁਸੀਂ ਕੀ ਪੜ੍ਹਦੇ ਹੋ?

ਸੰਭਾਵਿਤ ਉੱਤਰ: ਕਿਤਾਬਾਂ

ਪ੍ਰਸ਼ਨ: ਕਿਤਾਬਾਂ ਕੀ ਹਨ?

ਉੱਤਰ: ਜਿਹੜੀ ਚੀਜ਼ ਕਾਗਜ਼ ਤੇ ਲਿਖੀ ਹੋਈ ਹੈ, ਉਹੀ ਕਿਤਾਬ ਹੈ।

ਪ੍ਰਸ਼ਨ: ਕੁੱਝ ਪੁਰਾਣੀਆਂ ਕਿਤਾਬਾਂ ਦੇ ਨਾਂ ਦੱਸੋ?

ਉੱਤਰ: ? ? ? ? ? ?

ਪ੍ਰਸ਼ਨ: ਗੁਰਦਵਾਰੇ ਵਿੱਚ ਕੀ ਪੜ੍ਹਿਆ ਜਾਂਦਾ ਹੈ?

ਸੰਭਾਵਿਤ ਉੱਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ/ਬਾਣੀ

ਪ੍ਰਸ਼ਨ: ਮੰਦਿਰ ਵਿੱਚ ਕੀ ਪੜ੍ਹਿਆ ਜਾਂਦਾ ਹੈ?

ਸੰਭਾਵਿਤ ਉੱਤਰ: ਰਮਾਇਣ/ਗੀਤਾ/ਭਾਗਵਦ/ਆਰਤੀ

ਪ੍ਰਸ਼ਨ: ਪੁਰਾਣੇ ਸਮੇਂ ਨੂੰ ਜਾਨਣ ਦੇ ਸਾਹਿਤਕ ਸਰੋਤ ਕੀ ਹਨ?

ਉੱਤਰ: ? ? ? ? ? ?

ਅਧਿਆਪਕ ਇਹ ਜਾਂਚ ਕਰੇਗਾ ਕਿ ਇਕੱਲਾ-ਇਕੱਲਾ ਵਿਦਿਆਰਥੀ ਕਿੰਨੀ ਉਤਸੁਕਤਾ ਅਤੇ ਧਿਆਨ ਨਾਲ ਪਾਠ ਵਿੱਚ ਸ਼ਾਮਿਲ ਹੋ ਰਿਹਾ ਹੈ। ਕਿਉਂਕਿ ਬੱਚਾ **ਪ੍ਰਾਇਮਰੀ ਪੱਧਰ** ਤੋਂ ਇੱਕਦਮ ਅੱਪਰ ਪ੍ਰਾਇਮਰੀ **ਪੱਧਰ** ਤੇ ਆਇਆ ਹੈ। ਇਸਲਈ ਅਧਿਆਪਕ ਲਈ ਜ਼ਰੂਰੀ ਹੋਵੇਗਾ ਕਿ ਉਹ ਉਸਨੂੰ ਇਤਿਹਾਸ ਦੇ ਮੁੱਢਲੇ ਸੰਕਲਪ ਨਾਲ ਜੋੜੇ। ਇਸ ਸੰਕਲਪ ਨਾਲ ਜੋੜਨ ਲਈ ਉਹ ਹੇਠ ਲਿਖੀਆਂ ਗਤੀਵਿਧੀਆਂ ਕਰ ਸਕਦਾ ਹੈ:

**ਸਟੈੱਪ-2: ਸੰਕਲਪਾਂ ਬਾਰੇ ਸਪਸ਼ਟਤਾ**

ਵਿਧੀ: ਬਿਰਖੀ ਡਾਇਆਗ੍ਰਾਮ (Tree diagram)

ਪੁਰਾਣੇ ਸਮੇਂ ਬਾਰੇ ਜਾਣਕਾਰੀ

ਪੂਰਵ ਇਤਿਹਾਸ (ਅਤੀਤ ਦਾ ਉਹ ਸਮਾਂ ਜਿਸਦੇ ਲਿਖਤੀ ਵੇਰਵੇ ਉਪਲਬਧ ਨਹੀਂ ਹਨ)

ਜਾਣਨ ਦੇ ਸ੍ਰੋਤ (ਪੁਰਾਤੱਤਵ ਸ੍ਰੋਤ)

- ਗੈਰ ਲਿਖਤੀ ਸ੍ਰੋਤ
  1. ਜੀਵ ਆਸ਼ਮ (Fossils)
  2. ਸਮਾਰਕ
  3. ਸ਼ਿਲਾਲੇਖ
  4. ਸਿੱਕੇ
  5. ਖੁਦਾਈ ਦੌਰਾਨ ਮਿਲੇ ਅਵਸ਼ੇਸ਼/ਵਸਤੂਆਂ:
     - ਗਹਿਣੇ
     - ਸੀਲ
     - ਬਰਤਨ
     - ਖੰਡਰ
     - ਔਜ਼ਾਰ
     - ਮੂਰਤੀਆਂ

ਇਤਿਹਾਸ (ਅਤੀਤ ਦੀਆਂ ਘਟਨਾਵਾਂ ਦਾ ਲਿਖਤੀ ਵੇਰਵਾ)

ਸਾਹਿਤਿਕ ਸ੍ਰੋਤ

1. ਧਾਰਮਿਕ ਗ੍ਰੰਥ:
2. ਵਿਦੇਸ਼ੀ ਯਾਤਰੀਆਂ ਦੇ ਵਿਰਤਾਂਤ
3. ਜੀਵਨੀ/ਸਵੈਜੀਵਨੀ
4. ਮਹਾਂ ਕਾਵ
5. ਕਵਿਤਾਵਾਂ
6. ਹੋਰ ਵਿਸ਼ਿਆਂ ਦੇ ਲਿਖੇ ਗ੍ਰੰਥ ਜਿਵੇਂ ਕੌਟਲਿਆ ਦਾ ਅਰਥ ਸ਼ਾਸਤਰ

ਪੁਰਾਤੱਤਵ ਸ੍ਰੋਤ

1. ਸਿੱਕੇ
2. ਵਸਤਾਂ
3. ਗਹਿਣੇ
4. ਬਰਤਨ
5. ਔਜ਼ਾਰ
6. ਮੂਰਤੀਆਂ

## ਸਟੈੱਪ-3: ਮੌਖਿਕ ਮੁਲਾਂਕਣ (Oral Evaluation)

ਪ੍ਰਸ਼ਨ: ਇਤਿਹਾਸ ਕੀ ਹੈ?

ਉੱਤਰ: ਅਤੀਤ **ਦੀਆਂ** ਘਟਨਾਵਾਂ ਦਾ ਲਿਖਤੀ ਵੇਰਵਾ।

ਪ੍ਰਸ਼ਨ: ਅਤੀਤ ਦੀ ਲਿਖਤੀ ਜਾਣਕਾਰੀ ਕੌਣ ਦਿੰਦਾ ਹੈ?

ਉੱਤਰ: ਇਤਿਹਾਸਕਾਰ

ਪ੍ਰਸ਼ਨ: ਪੂਰਵ ਇਤਿਹਾਸ ਕੀ ਹੈ?

ਉੱਤਰ: ਉਹ ਸਮਾਂ ਜਿਸਦੇ ਲਿਖਤੀ ਵੇਰਵੇ ਨਹੀਂ ਮਿਲਦੇ।

ਪ੍ਰਸ਼ਨ: ਪੂਰਵ ਇਤਿਹਾਸ ਬਾਰੇ ਅਸੀਂ ਕਿਹੜੇ ਸ੍ਰੋਤਾਂ ਰਾਹੀਂ ਜਾਣਦੇ ਹਾਂ?

ਉੱਤਰ: ਪੁਰਾਤੱਤਵ ਸ੍ਰੋਤ/ਖੁਦਾਈ ਦੌਰਾਨ ਮਿਲੀਆਂ ਵਸਤੂਆਂ ਆਦਿ।

ਪ੍ਰਸ਼ਨ: ਪੁਰਾਤੱਤਵ ਸ੍ਰੋਤਾਂ ਦਾ ਅਧਿਐਨ ਕਰਨ ਵਾਲੇ ਨੂੰ ਕੀ ਕਿਹਾ ਜਾਂਦਾ ਹੈ?

ਉੱਤਰ: ਪੁਰਾਤੱਤਵ ਵਿਗਿਆਨੀ।

ਪ੍ਰਸ਼ਨ: ਕੁੱਝ ਪੁਰਾਤੱਤਵ ਸ੍ਰੋਤਾਂ ਦੇ ਨਾਂ ਦੱਸੋ?

(ਇਸੇ ਤਰ੍ਹਾਂ ਅਧਿਆਪਕ ਕੁੱਝ ਹੋਰ ਪ੍ਰਸ਼ਨ ਵੀ ਪੁੱਛ ਸਕਦਾ ਹੈ ਜਿਹਨਾਂ ਦੇ ਸੰਭਾਵਿਤ ਉੱਤਰ ਵਿਵਿਆਰਥੀ ਉੱਪਰ ਦੱਸੇ ਬਿਰਖੀ ਚਾਰਟ(Tree Diagram) ਦੇ ਆਧਾਰ ਤੇ ਦੇਣਗੇ)

ਪ੍ਰਸ਼ਨ: ਸਾਹਤਿਕ ਸ੍ਰੋਤ ਕੀ ਹੁੰਦੇ ਹਨ?

ਪ੍ਰਸ਼ਨ: ਕੁੱਝ ਸਾਹਿਤਿਕ ਸ੍ਰੋਤਾਂ ਦੇ ਨਾਂ ਦੱਸੋ?

ਪ੍ਰਸ਼ਨ: ਸ਼ਿਲਾਲੇਖ ਕੀ ਹੁੰਦੇ ਹਨ?

ਪ੍ਰਸ਼ਨ: ਮਹਾਂਭਾਰਤ ਕਿਸ ਤਰਾਂ ਦਾ ਸ੍ਰੋਤ ਹੈ?

(ਉਪਰੰਤ ਅਧਿਆਪਕ ਇਸੇ ਵਿਸ਼ੇ ਨਾਲ ਸੰਬੰਧਤ ਲਿਖਤੀ **ਮੁਲਾਂਕਣ ਕਰਦਾ ਹੋਇਆ** ਵਿਦਿਆਰਥੀਆਂ ਦਾ ਸਮੁੱਚਾ ਮੁਲਾਂਕਣ ਕਰ ਸਕਦਾ ਹੈ।)

## ਸਟੈੱਪ-4: ਲਿਖਤੀ ਰੂਪ ਵਿੱਚ ਮੁਲਾਂਕਣ

ਪ੍ਰਸ਼ਨ: ਹੇਠ ਲਿਖੇ ਸ਼ਬਦਾਂ ਵਿੱਚੋਂ ਦੱਸੋ ਕਿ ਇਹ ਕਿਸ ਸ੍ਰੋਤ ਨਾਲ ਸਬੰਧਤ ਹਨ?

ਮਹਾਂਭਾਰਤ, ਰਮਾਇਣ, ਕੁਰਾਨ, ਪੁਰਾਨ, ਵੇਦ, ਬ੍ਰਾਹਮਣ ਗ੍ਰੰਥ, ਕਾਲੀਦਾਸ ਦੇ ਨਾਟਕ, ਅਰਥਸ਼ਾਸਤਰ, ਚਾਂਦੀ ਦੇ ਸਿੱਕੇ, ਪੁਰਾਣੇ ਔਜ਼ਾਰ, ਭਾਂਡੇ, ਸ਼ਿਲਾਲੇਖ, ਇਤਿਹਾਸਕਾਰ, ਪੁਰਾਤੱਤਵ ਵਿਗਿਆਨੀ, ਪੂਰਵ ਇਤਿਹਾਸ, ਇਤਿਹਾਸ

| ਸਾਹਿਤਕ ਸ੍ਰੋਤ | ਪੁਰਾਤੱਤਵ ਸ੍ਰੋਤ |
|---|---|
| __________ | ___________ |
| __________ | ___________ |
| __________ | ___________ |
| __________ | ___________ |

ਪਸ਼ਨ: ਸਮਾਰਕਾਂ ਕੀ ਹੁੰਦੀਆਂ ਹਨ?

ਉੱਤਰ: ਖੰਡਹਰ ਆਦਿ ਸਮਾਰਕਾਂ ਹੁੰਦੀਆਂ ਹਨ

ਪ੍ਰਸ਼ਨ: ਸ਼ਿਲਾਲੇਖ ਕੀ ਹੁੰਦੇ ਹਨ?

ਉੱਤਰ:ਕੰਧਾਂ, ਚੱਟਾਨਾਂ, ਖੰਭਿਆਂ ਆਦਿ ਤੇ ਜੋ ਕੁੱਝ ਲਿਖਿਆ ਹੋਇਆ ਹੁੰਦਾ ਹੈ, ਉਸ ਨੂੰ ਸ਼ਿਲਾਲੇਖ ਕਿਹਾ ਜਾਂਦਾ ਹੈ।

ਪ੍ਰਸ਼ਨ: ਸਿੱਕੇ ਕਿਸ ਬਾਰੇ ਜਾਣਕਾਰੀ ਦਿੰਦੇ ਹਨ?

ਉੱਤਰ: ਸਿੱਕੇ ਸਾਨੂੰ ਰਾਜਿਆਂ ਮਹਾਰਾਜਿਆਂ ਬਾਰੇ ਦੱਸਦੇ ਹਨ।

ਪ੍ਰਸ਼ਨ: ਖਾਲੀ ਥਾਵਾਂ ਵਾਲੇ ਪ੍ਰਸ਼ਨ:

1. ਮਨੂਸਮਰਿਤੀ___________ ਗ੍ਰੰਥ ਹੈ। (ਧਾਰਮਿਕ, ਆਰਥਿਕ)
2. ਅਰਥਸ਼ਾਸਤਰ__________ ਗ੍ਰੰਥ ਹੈ। (ਧਾਰਮਿਕ, ਆਰਥਿਕ)
3. ਅਸ਼ੋਕ ਨੇ ਆਪਣੇ ਸੰਦੇਸ਼ __________ ਤੇ ਖੁਦਵਾਏ। (ਸ਼ਿਲਾਲੇਖ, ਪੱਤੇ)
4. ਸਾਂਚੀ ਦਾ ਸਤੂਪ ਇੱਕ ___________ ਹੈ। (ਸ਼ਿਲਾਲੇਖ, ਸਮਾਰਕ)
5. ਪੁਰਾਤੱਤਵ ਵਿਗਿਆਨ __________ ਦਾ ਅਧਿਐਨ ਕਰਦਾ ਹੈ। (ਪੁਰਾਤੱਤਵ ਸ੍ਰੋਤ, ਸਾਹਿਤਕ ਸ੍ਰੋਤ)

(ਇੱਥੇ ਅਧਿਆਪਕ ਲਈ ਧਿਆਨ ਰੱਖਣ ਵਾਲੀ ਇਹ ਗੱਲ ਹੋਵੇ ਗੀ ਕਿ ਕਿਤਾਬੀ ਸ਼ਬਦਾਂ ਵਿੱਚ ਉੱਤਰਾਂ ਦੇ **ਸਹੀ-ਗ਼ਲਤ** ਦੀ ਪ੍ਰਮਾਣਿਕਤਾ ਨੂੰ ਤੱਥਾਂ ਦੇ ਆਧਾਰ ਤੇ ਤਾਂ ਜਾਂਚਿਆ ਜਾਵੇ ਪਰ ਸਬਦਾਂ ਅਨੁਸਾਰ ਨਹੀਂ। ਹੋ ਸਕਦਾ ਹੈ, ਬੱਚਾ ਸਮਾਰਕਾਂ ਦੀ ਥਾਂ ਤੇ ਖੰਡਹਰ, ਕਿਲ਼ਾ, ਪੁਰਾਣਾਘਰ ਅਦਿ ਸ਼ਬਦ ਇਸਤੇਮਾਲ ਕਰ ਲਵੇ। ਜਾਂਚ ਤਾਂ ਇਹੀ ਕੀਤੀ ਜਾਣੀ ਚਾਹੀਦੀ ਹੈ ਕਿ ਵਿਦਿਆਰਥੀ ਨੂੰ ਤੱਥ ਬਾਰੇ ਗਿਆਨ ਹੈ ਜੋ ਕਿ ਲਿਖਤੀ ਉੱਤਰ ਤੋਂ ਇਲਾਵਾ ਹੋਰ ਗਤੀਵਿਧੀਆਂ (ਜੋ ਵੀ ਅਧਿਆਪਕ ਕਰਵਾਵੇਗਾ) ਰਾਹੀਂ ਪੂਰਨ ਰੂਪ ਵਿੱਚ ਸਪੱਸ਼ਟ ਹੋ ਜਾਵੇਗਾ। ਸ਼ਬਦਾਂ ਦੀ ਸਟੀਕਤਾ ਦੇ ਨਾ ਹੋਣ ਨੂੰ ਵਿਦਿਆਰਥੀ ਦੀ ਤੱਥ ਬਾਰੇ ਅਗਿਆਨਤਾ ਨਹੀਂ ਸਮਝ ਲੈਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਅਸੀਂ ਬੱਚੇ-ਬੱਚੀਆਂ ਦੇ ਲਗਾਤਾਰ ਮੁਲਾਂਕਣ ਦੀ ਲੜੀ ਨੂੰ ਤੋੜ ਦੇਵਾਂਗੇ।)

**ਸਟੈੱਪ-5: ਪ੍ਰਾਜੈਕਟ/ਕਿਰਿਆ** (Project/Activity) (Community based Information)

ਇਸ ਸਟੈੱਪ ਤੇ ਅਧਿਆਪਕ ਉਪਰੋਕਤ ਬਿਰਖੀ ਚਾਰਟ ਰਾਹੀਂ ਦੱਸੀ ਜਾਣਕਾਰੀ ਦੇ ਆਧਾਰ ਤੇ ਵੱਖ ਵੱਖ ਸਰੋਤਾਂ ਦੀ ਸ਼੍ਰੇਣੀ ਵੰਡ ਬਾਰੇ ਹੇਠ ਲਿਖੇ ਅਨੁਸਾਰ ਵਿਦਿਆਰਥੀਆਂ ਦੀ ਸਮਝ ਦਾ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਕਰ ਸਕਦਾ ਹੈ:

## ਸਰੋਤਾਂ ਦੀ ਸ਼੍ਰੇਣੀ ਵੰਡ(Classification of Sources)

| ਸਾਹਿਤਕ | | | ਪੂਰਵ ਇਤਿਹਾਸਕ | | | |
|---|---|---|---|---|---|---|
| **ਧਾਰਮਿਕ** | **ਸਮਾਜਿਕ** | **ਵਿਗਿਆਨ** | **ਸਮਾਰਕ** | **ਸਿੱਕੇ** | **ਬਰਤਨ** | **ਕੱਪੜੇ** |
| ਸ੍ਰੀ ਗੁਰੂ ਗ੍ਰੰਥ ਸਾਹਿਬ | | | ਪਿੰਡ ਦਾ ਦਰਵਾਜਾ | ਅੰਗਰੇਜ਼ਾਂ ਦੇ ਸਮੇਂ ਦੇ ਸਿੱਕੇ | | ਮੋਰ, ਤੋਤੇ ਦਾ ਚਿੱਤਰ, ਬਾਗ |
| | | | | | | |
| | | | | | | |
| | | | | | | |

**<u>ਪ੍ਰਜੈਕਟ(Project)</u>:-** ਵਿਸ਼ੇ ਸਬੰਧੀ ਗਿਆਨ ਦੀ ਸਪੱਸ਼ਟਤਾ ਕਰਨ ਲਈ ਅਤੇ ਉਸਨੂੰ ਅੱਜ ਦੇ ਪਰਿਵੇਸ਼ ਨਾਲ ਜੋੜਨ ਲਈ ਅਧਿਆਪਕ ਵਿਦਿਆਰਥੀਆਂ ਨੂੰ ਨਿਮਨ ਤਰ੍ਹਾਂ ਦੇ ਵਿਅਕਤੀਗਤ/ਸਾਮੂਹਿਕ ਪ੍ਰੋਜੈਕਟ ਕਰਨ ਲਈ ਦੇਵੇਗਾ। ਇਸ ਨਾਲ ਵਿਦਿਆਰਥੀਆਂ ਵਿੱਚ **ਪ੍ਰੇਖਣ** ਕਰਨ ਦੀ ਯੋਗਤਾ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ (ਲਿਖਤੀ/ਨਾਟਕ/role play) ਆਦਿ ਦਾ ਵਿਕਾਸ ਹੋਵੇਗਾ ਜੋ ਕਿ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ਼ ਅਤੇ ਸੱਚ ਦੀ ਭਾਲ ਵਿੱਚ ਸਹਾਈ ਹੋਵੇਗਾ।ਸਮਾਜਿਕ ਸਿੱਖਿਆ ਦੇ ਅਧਿਆਪਕ ਲਈ ਇਸ ਦੇ ਆਧਾਰ ਤੇ ਬੱਚੇ/ਬੱਚੀ ਦੀ ਸ਼ਖਸੀਅਤ ਦਾ ਮੁਲਾਂਕਣ ਅਤੇ ਵਿਸ਼ੇ ਪ੍ਰਤੀ ਉਸਦੀ ਰੁਚੀ ਦਾ ਇਹ ਇੱਕ ਵਧੀਆ ਮਾਧਿਅਮ ਹੈ।

| <u>**ਵਿਅਕਤੀਗਤ ਗਤੀਵਿਧੀਆਂ**</u> | <u>**ਸਮੂਹ ਦੀਆਂ ਗਤੀਵਿਧੀਆਂ**</u> |
|---|---|
| ਦੇਖੀਆਂ/ਪੜ੍ਹੀਆਂ/ਲੱਭੀਆਂ ਵਸਤੂਆਂ ਦੀ ਸੂਚੀ ਤਿਆਰ ਕਰਨੀ | ਆਪਸ ਵਿੱਚ ਵਿਚਾਰ ਚਰਚਾ ਕਰਨੀ |
| ਵਸਤੂਆਂ ਦਾ ਸੰਗ੍ਰਹਿ ਅਤੇ ਉਹਨਾਂ ਨੂੰ ਦੂਜਿਆਂ ਨੂੰ ਦਿਖਾਉਣਾ | ਲਿਖਤੀ ਖੇਤਰੀ (field) ਰਿਪੋਰਟ ਤਿਆਰ ਕਰਨੀ |
| ਸਕ੍ਰੈਪ ਬੁੱਕ ਤਿਆਰ ਕਰਨੀ | ਸਵਾਂਗ ਰਚਾਉਣਾ |

| | |
|---|---|
| ਸਿੱਕਿਆਂ ਆਦਿ ਦੀ ਟਰੇਸਿੰਗ ਕਰਨੀ | ਜਮਾਤ ਵਿੱਚ ਅਜਾਇਬ ਘਰ (Museum) ਤਿਆਰ ਕਰਨਾ |
| ਨਾਟਕ ਕਰਨਾ | ਵਿੱਦਿਅਕ ਟੂਰ |

ਇੱਥੇ ਅਧਿਆਪਕ ਵਿਦਿਆਰਥੀਆਂ ਦੀ ਕਿਰਿਆ ਕਰਦੇ ਹੋਏ ਸਿੱਖਣਾ (learning by doing) ਦੀ ਕੁਸ਼ਲਤਾ (competency) ਦੀ ਜਾਂਚ ਕਰੇਗਾ। ਉਸਦੀ ਕਲਪਨਾ ਸ਼ਕਤੀ, ਤੱਥਾਂ/ਵਸਤੂਆਂ, ਬਾਰੇ ਬੱਚੇ ਦੀ ਵਿੱਦਿਅਕ ਅਤੇ ਸੌਂਦਰਜ ਸੰਬੰਧੀ ਰੁਚੀ (Cognitive and Aesthetic sense) ਇਤਿਹਾਸਕ ਚੀਜ਼ਾਂ, ਵਿਰਸੇ ਦੀ ਸਾਂਭ ਸੰਭਾਲ ਦੀ ਪਰਬਿਰਤੀ ਦਾ ਵਿਕਾਸ ਅਤੇ ਇਤਿਹਾਸਕ ਵਸਤੂਆਂ ਪ੍ਰਤੀ ਉਸਦੀ ਮਲਕੀਅਤ ਦੀ ਭਾਵਨਾ, ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲਤਾ ਆਦਿ ਦੀ ਜਾਂਚ ਕਰੇਗਾ।

**ਸਟੈੱਪ-6: ਗਰੁੱਪ ਚਰਚਾ**

ਦਿੱਤੇ ਹੋਏ ਵਿਸ਼ੇ ਤੇ ਗਰੁੱਪ ਚਰਚਾ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਦਾ ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਕੀਤਾ ਜਾ ਸਕਦਾ ਹੈ:

1. ਹਾਵਭਾਵ ।
2. ਤੱਥਾਂ ਬਾਰੇ ਪ੍ਰੇਖਣ ।
3. ਕਹਾਣੀ ਰਾਹੀਂ ਤੱਥਾਂ ਦਾ ਬਿਆਨ।
4. ਸਾਥੀਆਂ ਕੋਲੋਂ ਪ੍ਰਸ਼ਨ ਪੁੱਛਣਾ।
5. ਗਰੁੱਪ ਚਰਚਾ ਵਿੱਚ ਸਹਿਪਾਠੀਆਂ ਨਾਲ ਸਹਿਯੋਗ।

ਇਸ ਤਰ੍ਹਾਂ ਉਪਰੋਕਤ ਸੰਕਲਪ ਨੂੰ ਧਿਆਨ ਵਿੱਚ ਰੱਖਦਾ ਹੋਇਆ ਅਤੇ ਉਸ ਸੰਬੰਧੀ ਗਤੀਵਿਧੀਆਂ ਕਰਵਾਉਂਦਾ ਹੋਇਆ ਨਾਲ਼ ਨਾਲ਼ ਬੱਚੇ/ਬੱਚੀ ਦਾ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਕਰਦਾ ਜਾਵੇਗਾ।

**ਭਾਸ਼ਾ:** ਭਾਸ਼ਾ ਦੀਆਂ ਚਾਰ ਮੁੱਖ ਕੁਸ਼ਲਤਾਵਾਂ ਦਾ ਲਗਾਤਾਰ ਮੁਲਾਂਕਣ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਪੱਧਰ ਤੇ ਕਈ ਗਤੀਵਿਧੀਆਂ ਰਾਹੀਂ ਭਲੀ ਭਾਂਤ ਕੀਤਾ ਜਾ ਸਕਦਾ ਹੈ।

- ਪ੍ਰਾਇਮਰੀ ਪੱਧਰ ਤੇ ਚਿੱਤਰ ਦੀ ਸਹਾਇਤਾ ਨਾਲ਼ ਬੱਚੇ-ਬੱਚੀਆਂ ਨੂੰ ਕਹਾਣੀ ਬਨਾਉਣ ਲਈ ਕਿਹਾ ਜਾ ਸਕਦਾ ਹੈ।

- ਇਹ ਵੀ ਜ਼ਰੂਰੀ ਨਹੀਂ ਕਿ ਭਾਸ਼ਾ ਸੰਬੰਧੀ ਹਰ ਇੱਕ ਕੁਸ਼ਲਤਾ ਦਾ ਮੁਲਾਂਕਣ ਕਰਨ ਲਈ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ ਜਾਣ। ਇੱਕ ਅਜਿਹੀ ਗਤੀਵਿਧੀ ਵੀ ਚੁਣੀ ਜਾ ਸਕਦੀ ਹੈ ਜਿਸ ਦੀ ਸਹਾਇਤਾ ਨਾਲ਼ ਸਮੂਹ ਕੁਸ਼ਲਤਾਵਾਂ ਦਾ ਮੁਲਾਂਕਣ ਕਰਨਾ ਸੰਭਵ ਹੋਵੇ। ਉਦਾਹਰਨ ਦੇ ਤੌਰ ਤੇ **ਚਿੱਤਰ ਪੜ੍ਹਨਾ:**

  **(ਹੇਠਲੇ ਪ੍ਰਸ਼ਨਾਂ ਮੁਤਾਬਕ ਇੱਥੇ ਚਿੱਤਰ ਹੈ)**

- ਚਿੱਤਰ ਦੇਖ ਕੇ ਜਮਾਤ 1 ਤੋਂ 3 ਤੱਕ ਦੇ ਵਿਦਿਆਰਥੀਆਂ ਲਈ ਕੁੱਝ ਛੋਟੀਆਂ-ਛੋਟੀਆਂ ਤੇ ਸੌਖੀਆਂ ਗਤੀਵਿਧੀਆਂ ਰਾਹੀਂ ਸਿੱਖਣ ਸਿਖਾਉਣ ਦੇ ਨਾਲ਼-ਨਾਲ਼ ਮੁਲਾਂਕਣ ਦੀ ਪ੍ਰਕ੍ਰਿਆ ਨੂੰ ਮਜ਼ੇਦਾਰ ਬਣਾਇਆ ਜਾ ਸਕਦਾ ਹੈ। ਜਿਵੇਂ:
  - ❖ ਚਿੱਤਰ ਵਿਚਲੇ ਪਸ਼ੂ ਪੰਛੀਆਂ ਦੇ ਨਾਵਾਂ ਦੀ ਪਹਿਚਾਨ
  - ❖ ਕੌਣ ਕੀ ਕਰ ਰਿਹਾ ਹੈ?
  - ❖ ਕੌਣ ਕਿਸ ਨਾਲ਼ ਕੀ ਬੋਲ ਰਿਹਾ ਹੈ?
  - ❖ ਕੌਣ ਕਿੱਥੇ ਰਹਿੰਦਾ ਹੈ?
  - ❖ ਲਿੱਖਣ ਦੀ ਸ਼ੁਰੂਆਤ ।

ਅੱਪਰ ਪ੍ਰਾਇਮਰੀ ਪੱਧਰ ਤੇ ਸੂਖਮ ਟੈਸਟ (Close Test) ਦਿੱਤਾ ਜਾ ਸਕਦਾ ਹੈ। ਇਸ ਟੈਸਟ ਨੂੰ ਬੜੇ ਸੌਖੇ ਢੰਗ ਨਾਲ਼ ਰੋਜ਼ਾਨਾ ਆਧਾਰ ਤੇ ਤਿਆਰ ਕਰਕੇ ਬੱਚੇ/ਬੱਚੀਆਂ ਦਾ ਲਗਾਤਾਰ ਮੁਲਾਂਕਣ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ ਤੇ ਸੂਖਮ ਟੈਸਟ ਦਾ ਇੱਕ ਨਮੂਨਾ ਦੇਖੋ:

*"ਜਦੋਂ ਕੁੱਝ ਸਮਾਂ ਲੰਘ ਗਿਆ ਤਾਂ ਯੁਧਿਸ਼ਟਰ ਨੇ ਨਕੁਲ ਭੇਜਿਆ। ਨਕੁਲ ਨੇ ਤਲਾਅ ਦੇ ਕੰਢੇ ਜਾ ਕੇ ਦੇਖਿਆ ਕਿ ਸਹਿਦੇਵ ਬੇਹੋਸ਼ ਪਿਆ ਹੈ। ਉਸ ਨੇ ਤਲਾਅ ਤੋਂ ਪਾਣੀ ਲੈ ਕੇ ਉਸ ਦੇ ਮੂੰਹ ਤੇ ਛਿੱਟੇ ਮਾਰਨ ਬਾਰੇ ਸੋਚਿਆ। ਜਿਉਂ ਹੀ ਉਹ ਪਾਣੀ ਲੈਣ ਲਈ ਤਲਾਅ ਵੱਲ ਗਿਆ, ਇੱਕ ਆਵਾਜ਼ ਆਈ। "ਮੇਰੇ ਸਵਾਲਾਂ ਦੇ ਜਵਾਬ ਦੇਣ ਤੋਂ ਬਿਨਾਂ ਤੂੰ ਪਾਣੀ ਨਹੀਂ ਲੈ ਸਕਦਾ। ਤੇਰਾ ਉਹੀ ਹਾਲ ਹੋਵੇਗਾ ਜੋ ਤੇਰੇ ਭਰਾ ਦਾ ਹੋਇਆ ਹੈ।" ਨਕੁਲ ਨੂੰ ਉੱਥੇ ਕੋਈ ਵੀ ਨਜ਼ਰ ਨਾ ਆਇਆ। ਨਕੁਲ ਨੇ ਕਿਹਾ, "ਪਹਿਲਾਂ ਪਾਣੀ ਪੀ ਕੇ ਪਿਆਸ ਬੁਝਾ ਲਵਾਂ, ਫ਼ਿਰ ਤੇਰੇ ਨਾਲ਼*

*ਸਿੱਝ ਲਵਾਂਗਾ।" ਇਹ ਕਹਿੰਦਿਆਂ ਜਿਉਂ ਹੀ ਨਕੁਲ ਨੇ ਪਾਣੀ ਭਰਨ ਲਈ ਹੱਥ ਵਧਾਇਆ, ਉਹ ਉੱਥੇ ਹੀ ਡਿੱਗ ਪਿਆ।"*

ਇਸ ਪੈਰ੍ਹੇ ਦੇ ਆਧਾਰ ਤੇ ਹੇਠ ਲਿਖੇ ਦੀ ਤਰ੍ਹਾਂ ਗਤੀਵਿਧੀਆਂ ਬਣਾਈਆਂ ਜਾ ਸਕਦੀਆਂ ਹਨ:

**1. <u>ਗਤੀਵਿਧੀ-1 ਖਾਲੀ ਥਾਵਾਂ ਭਰਨੀਆਂ:</u>**

ਜਦੋਂ ਕੁੱਝ 1. __________ ਲੰਘ ਗਿਆ ਤਾਂ __________ ਨੇ __________ ਨੂੰ ਭੇਜਿਆ। ਨਕੁਲ ਨੇ ________ ਦੇ ਕੰਢੇ ਜਾ ਕੇ ________ ਕਿ ________ ਬੇਹੋਸ਼ ਪਿਆ ਹੈ। ਉਸਨੇ ਤਲਾਅ ਤੋਂ ________ ਲੈ ਕੇ ________ ਦੇ _________ ਤੇ ਛਿੱਟੇ ਬਾਰੇ ਸੋਚਿਆ। ਜਿਉਂ ਹੀ _________ ਪਾਣੀ ਲੈਣ ਲਈ ________ ਵੱਲ ਗਿਆ, ਇੱਕ _________ ਆਈ। ਮੇਰੇ ________ ਦੇ ਉੱਤਰ ਦੇਣ ਤੋਂ ਬਿਨਾਂ ਤੂੰ _________ ਨਹੀਂ ਲੈ ਸਕਦਾ। ਤੇਰਾ ਵੀ ਉਹੀ ਹਾਲ ਹੋਵੇਗਾ ਜੋ ਤੇਰੇ _________ ਦਾ ਹੋਇਆ ਹੈ। ਨਕੁਲ ਨੂੰ ਉੱਥੇ ਕੋਈ ਵੀ ________ ਨਾ ਆਇਆ। ਨਕੁਲ ਨੇ ਕਿਹਾ, "ਪਹਿਲਾਂ ________ ਪੀ ਕੇ ________ ਬੁਝਾ ਲਵਾਂ, ਫ਼ੇਰ ਤੇਰੇ ਨਾਲ਼ ________ ਲਵਾਂਗਾ।" ਇਹ ________ ਜਿਉਂ ਹੀ ਨਕੁਲ ਨੇ _________ ਪਾਣੀ _________ ਲਈ ਹੱਥ ਵਧਾਇਆ, ਉਹ ਉੱਥੇ ਹੀ _________ ਪਿਆ।

**<u>ਗਤੀਵਿਧੀ-2 ਪ੍ਰਸ਼ਨ ਬਨਾਉਣਾ</u>**

ਦਿੱਤੇ ਗਏ ਪਾਠ (ਪੈਰੇ) ਦੇ ਆਧਾਰ ਤੇ ਅਧਿਆਪਕ ਬੱਚੇ/ਬੱਚੀਆਂ ਨੂੰ ਪ੍ਰਸ਼ਨ ਬਨਾਉਣ ਲਈ ਕਹੇਗਾ। ਬੱਚੇ ਹੇਠ ਲਿਖੇ ਦੀ ਤਰ੍ਹਾਂ ਪ੍ਰਸ਼ਨ ਬਣਾ ਸਕਦੇ ਹਨ:

1. ਯੁਧਿਸ਼ਟਰ ਨੇ ਕਿਸ ਨੂੰ ਤਲਾਅ ਤੇ ਭੇਜਿਆ?
2. ਨਕੁਲ ਨੂੰ ਕਿਸ ਨੇ ਤਲਾਅ ਤੇ ਭੇਜਿਆ?
3. ਬੇਹੋਸ਼ ਕੌਣ ਪਿਆ ਹੋਇਆ ਸੀ?
4. ਇਹ ਕਿਸ ਨੇ ਕਿਹਾ ਕਿ ਮੇਰੇ ਸਵਾਲਾਂ ਦੇ ਜਵਾਬ ਦੇਣ ਤੋਂ ਬਿਨਾਂ ਤੂੰ ਪਾਣੀ ਨਹੀਂ ਲੈ ਸਕਦਾ?
5. ਕਿਸ ਦੇ ਭਰਾ ਦਾ ਬੁਰਾ ਹਾਲ ਹੋਇਆ ਸੀ?
6. ਪਾਣੀ ਪੀਣ ਲਈ ਹੱਥ ਕਿਸ ਨੇ ਵਧਾਇਆ?

**<u>ਗਤੀਵਿਧੀ-3: ਸਿਰਲੇਖ ਲਿੱਖਣਾ</u>**

ਇਸ ਪਾਠ (ਪੈਰੇ) ਦੇ ਪ੍ਰਸ਼ਨ ਹੇਠ ਲਿਖੇ ਮੁਤਾਬਕ ਬਣਾ ਸਕਦੇ ਹਨ:

1. ਪਿਆਸਾ ਨਕੁਲ

2. ਯੁਧਿਸ਼ਟਰ ਤੇ ਨਕੁਲ-ਦੋ ਭਰਾ

3. ਤਲਾਅ ਦਾ ਕੰਢਾ

4. ਬੇਹੋਸ਼ ਸਹਿਦੇਵ

5. ਇੱਕ ਆਵਾਜ਼

**<u>ਗਤੀਵਿਧੀ-4: ਵਿਆਕਰਨ ਸੰਬੰਧੀ ਗਤੀਵਿਧੀ</u>**

**1.** ਇਸ ਪੈਰੇ ਵਿੱਚ ਆਏ ਨਾਂਵ ਚੁਣਨ ਲਈ ਕਿਹਾ ਜਾ ਸਕਦਾ ਹੈ। ਬੱਚੇ ਸੰਭਾਵਿਤ ਰੂਪ ਵਿੱਚ ਹੇਠ ਲਿਖੇ ਅਨੁਸਾਰ ਨਾਂ ਚੁਣ ਸਕਦੇ ਹਨ:

| | | | | |
|---|---|---|---|---|
| 1. ਯੁਧਿਸ਼ਟਰ | 2. ਨਕੁਲ | 3. ਤਲਾਅ | 4. ਕੰਢਾ | 5. ਸਹਿਦੇਵ |
| 6. ਪਾਣੀ | 7. ਮੂੰਹ | 8. ਛਿੱਟੇ | 9. ਆਵਾਜ਼ | 10. ਸਵਾਲ ਆਦਿ |

2. ਪੈਰੇ ਵਿੱਚ ਆਏ ਇੱਕ ਵਚਨੀ/ਬਹੁਵਚਨੀ ਸ਼ਬਦ ਚੁਣ ਕੇ ਉਹਨਾਂ ਦੇ ਇੱਕ ਵਚਨ/ਬਹੁ ਵਚਨ ਬਨਾਉਣ ਲਈ ਕਿਹਾ ਜਾ ਸਕਦਾ ਹੈ। ਜਿਸ ਦੇ ਅਨੁਸਾਰ ਬੱਚੇ/ਬੱਚੀਆਂ ਹੇਠ ਲਿਖੇ ਅਨੁਸਾਰ ਕੰਮ ਕਰ ਸਕਦੇ ਹਨ:

| | | | | | |
|---|---|---|---|---|---|
| 1. ਤਲਾਅ | 2. ਕੰਢੇ | 3. ਉਸ ਨੇ | 4. ਮੂੰਹ | 5. ਛਿੱਟੇ | 6. ਆਵਾਜ਼ |
| 7. ਸਵਾਲਾਂ | 8. ਜਵਾਬ | 9. ਭਰਾ | 10. ਪਾਣੀ | | |

ਇਸ ਤਰ੍ਹਾਂ ਮੌਕੇ ਅਨੁਸਾਰ ਹੋਰ ਗਤੀਵਿਧੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ। ਜਿਵੇਂ: ਮੰਨ ਲਉ ਹਿੰਦੀ ਦੀ ਪਾਠ ਪੁਸਤਕ ਵਿੱਚ ਕੋਈ ਅਜਿਹਾ ਪਾਠ ਹੈ ਜਿਸ ਵਿੱਚ smwcwr ਸ਼ਬਦ ਆਇਆ ਹੈ। ਸ਼ਬਦ ਨਿਰਮਾਣ ਦੀ ਕੁਸ਼ਲਤਾ ਨੂੰ ਉਤਸਾਹਿਤ ਕਰਨ ਅਤੇ ਇਸ ਕੁਸ਼ਲਤਾ ਦਾ ਮੁਲਾਂਕਣ ਕਰਨ ਲਈ ਹੇਠਾਂ ਅਨੁਸਾਰ ਇੱਕ ਕਿਰਿਆ ਕਰਵਾਈ ਜਾ ਸਕਦੀ ਹੈ:

ihNdI kI ikRXw

| |
|---|
| **XhW icZ hY[** |

ਇਸ ਤਰ੍ਹਾਂ ਇਹਨਾਂ ਗਤੀਵਿਧੀਆਂ ਸਬੰਧੀ ਵਿਦਿਆਰਥੀਆਂ ਵੱਲੋਂ ਦਿੱਤੇ ਉੱਤਰਾਂ **ਬਾਰੇ** ਅਧਿਆਪਕ ਉਹਨਾਂ ਨਾਲ਼ ਚਰਚਾ ਕਰਕੇ ਭਾਸ਼ਾ ਦੀਆਂ ਸਮੂਹ ਕੁਸ਼ਲਤਾਵਾਂ ਦਾ ਲਗਾਤਾਰ ਸਮੁੱਚਾ ਮੁਲਾਂਕਣ ਕਰ ਸਕਦੇ ਹਨ।

**<u>ਗਤੀਵਿਧੀਆਂ ਦੇ ਲਾਭ:-</u>**

- ਅਜਿਹਾ ਕਰਨ ਨਾਲ਼ ਸਮੂਹ ਬੱਚੇ-ਬੱਚੀਆਂ ਨੂੰ ਉਹਨਾਂ ਦੇ ਗੁਣ ਅਤੇ ਰੁਚੀਆਂ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ।ਉਹ ਖੁਦ ਗਿਆਨ ਦਾ ਨਿਰਮਾਣ ਕਰਦੇ ਹਨ।ਇਵੇਂ ਉਹਨਾਂ ਨੂੰ ਵਿਸ਼ਵਾਸ਼ ਨਾਲ਼ ਜੀਵਨ ਦੇ ਹਰ ਸੱਚ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ।
- ਲਗਾਤਾਰ ਸਮੁੱਚੇ ਮੁਲਾਂਕਣ ਦੀ ਵਿਧੀ ਰਾਹੀਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ਼ ਜੋ ਕੁਝ ਪਤਾ ਹੋਣਾ ਚਾਹੀਦਾ ਹੈ, ਕੀ ਸਚਮੁੱਚ ਹੀ ਉਹ ਇਹ ਸਿੱਖ ਰਹੇ ਹਨ?
- ਜੇਕਰ ਅਜਿਹਾ ਹੈ ਤਾਂ ਉਹ ਸੱਚਮੁਚ RTE Act, 2009 ਦੀਆਂ ਧਾਰਾਵਾਂ ਤੇ ਖਰੇ ਉਤਰ ਰਹੇ ਹਨ ਅਤੇ ਅਧਿਆਪਕ ਵੀ ਇਸ ਐਕਟ ਮੁਤਾਬਕ ਦੱਸੀ ਗਈ ਆਪਣੀ ਡਿਊਟੀ ਪੂਰੀ **ਤਰ੍ਹਾਂ** ਨਿਭਾ ਰਹੇ ਹਨ।
- ਇਸ ਨਾਲ਼ ਉਹਨਾਂ ਦੀਆਂ ਅੱਡ-ਅੱਡ ਖੇਤਰਾਂ ਜਿਵੇਂ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਆਦਿ ਵਿੱਚ ਪ੍ਰਾਪਤੀਆਂ ਬਾਰੇ ਵੀ ਪਤਾ ਲੱਗਦਾ ਹੈ।
- ਸਿਰਫ਼ ਲਿਖਤੀ **ਮੁਲਾਂਕਣ ਸਮੇਂ** ਵੱਧ ਨੰਬਰ ਲੈ ਕੇ ਅੱਗੇ ਰਹਿਣ ਵਾਲੇ ਬੱਚਿਆਂ ਦਾ ਸਮੁੱਚਾ ਵਿਕਾਸ ਜਾਂਚ ਲੈਣਾ ਸੰਭਵ ਨਹੀਂ ਹੈ। ਲਿਖਤੀ **ਮੁਲਾਂਕਣ** ਦੇ ਨਾਲ਼-ਨਾਲ਼ ਬਾਕੀ ਪੱਖਾਂ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਦੀ ਜਾਂਚ ਵੀ ਲਾਜ਼ਮੀ ਹੈ।
- ਲਿਖਤੀ **ਮੁਲਾਂਕਣ ਸਮੇਂ** ਘੱਟ ਅੰਕ ਪ੍ਰਾਪਤ ਕਰਨ ਵਾਲੇ ਬੱਚੇ/ਬੱਚੀਆਂ **ਬਾਰੇ** ਕਿਸੇ ਵੀ ਤਰ੍ਹਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਉਹਨਾਂ ਨੂੰ ਘੱਟ ਸਮਝ ਹੈ ਜਾਂ ਉਹ ਪੱਛੜੇ ਹੋਏ ਹਨ।
- ਲਿਖਤੀ **ਮੁਲਾਂਕਣ ਸਮੇਂ** ਵੱਧ ਅੰਕ ਪ੍ਰਾਪਤ ਕਰਨਾ ਰੱਟੇ ਦਾ ਨਤੀਜਾ ਵੀ ਹੋ ਸਕਦਾ ਹੈ।
- ਅਜਿਹੇ ਮੁਲਾਂਕਣ ਰਾਹੀਂ ਸਿਰਫ਼ ਇਹੀ ਪਤਾ ਲੱਗਦਾ ਹੈ ਕਿ ਬੱਚੇ/ਬੱਚੀਆਂ ਨੂੰ ਕੀ ਨਹੀਂ ਪਤਾ ਬਜਾਏ ਇਸ ਦੇ ਕਿ ਉਹ ਕੀ ਕੁਝ ਜਾਣਦੇ ਹਨ ਅਤੇ ਕੀ ਕੁੱਝ ਅਤੇ ਕਿੰਨਾ ਕੁਝ ਕਰ ਸਕਦੇ ਹਨ। ਉਦਾਹਰਨ ਦੇ ਤੌਰ ਤੇ, ਚਿੱਤਰ ਦੇ ਆਧਾਰ ਤੇ ਕਹਾਣੀ ਲਿਖਣਾ:

**ਲਾਲਚੀ ਕੁੱਤਾ**

**ਇੱਥੇ ਚਿੱਤਰ ਹੈ।**

**<u>ਲਗਾਤਾਰ ਅਤੇ ਸਮੁੱਚੇ ਮੁਲਾਂਕਣ ਸਮੇਂ ਧਿਆਨ ਰੱਖਣ ਯੋਗ ਕੁਝ ਗੱਲਾਂ</u>:-**

- ਅਧਿਆਪਕ ਆਪਣੇ ਮਨ ਵਿੱਚ ਧਾਰ ਕੇ ਨਾ ਚੱਲੇ ਕਿ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਉਸਨੇ ਪੜ੍ਹਾਉਣ ਵੇਲੇ ਕੀਤੀ ਹੈ, ਬੱਚਾ/ਬੱਚੀ ਉਹਨਾਂ ਹੀ ਸ਼ਬਦਾਂ ਨੂੰ ਉਗਲ ਕੇ ਜਵਾਬ ਦੇਵੇ।
- ਅਧਿਆਪਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਾਇਮਰੀ ਪੱਧਰ ਤੇ ਬੱਚੇ ਸੁਭਾਵਿਕ ਤੌਰ ਤੇ ਖੇਡ ਹੀ ਖੇਡ ਵਿੱਚ, ਮਿਡਲ ਤੇ ਹਾਈ ਆਦਿ ਜਮਾਤਾਂ ਦੇ ਬੱਚੇ ਕਈ ਢੰਗ ਦੀਆਂ ਗਤੀਵਿਧੀਆਂ/ਖੇਡ-ਖੋਜਬੀਨ/ਪ੍ਰਾਜੈਕਟ ਆਦਿ ਕਰਕੇ ਜਾਂ ਸਹਿਪਾਠੀਆਂ ਨਾਲ਼ ਵਿਚਾਰ ਚਰਚਾ ਕਰਦੇ ਹੋਏ ਵੀ ਸਿੱਖਦੇ ਹਨ ਅਤੇ ਇਸ ਤਰ੍ਹਾਂ ਦੀ ਸਿਖਲਾਈ ਦਾ ਪ੍ਰਗਟਾਵਾ ਉਹ ਆਪਣੇ ਸ਼ਬਦਾਂ ਰਾਹੀਂ ਵੀ ਕਰ ਸਕਦੇ ਹਨ। ਜਿਵੇਂ ਜੇਕਰ ਬੱਚਿਆਂ ਨੂੰ ਵਿਗਿਆਨ ਵਿਸ਼ੇ ਨਾਲ਼ ਸੰਬੰਧਿਤ ਸਕੂਲ ਅੰਦਰ ਪਾਏ ਜਾਣ ਵਾਲੇ ਪੇੜ-ਪੌਦਿਆਂ ਦੀਆਂ ਪ੍ਰਜਾਤੀਆਂ ਦਾ ਵਿਗਿਆਨਕ ਨਮੂਨਾ ਦਿਖਾਇਆ ਜਾਵੇ **ਤਾਂ ਸੰਭਵ ਹੈ ਕਿ ਉਹ ਇਹਨਾਂ ਬਾਰੇ ਦੇਸੀ ਸ਼ਬਦਾਵਲੀ ਦਾ ਪ੍ਰਯੋਗ ਵੀ ਕਰਨ**।
- ਬੱਚਿਆਂ ਦੀ ਸਿੱਖਣ ਚਾਲ ਇੱਕੋ ਦਿਸ਼ਾ ਵਿੱਚ ਨਹੀਂ ਹੁੰਦੀ। ਇਹ ਘੁਮਾਵਦਾਰ ਹੁੰਦੀ ਹੈ। ਉਹ ਪਹਿਲਾਂ ਸਿੱਖੇ ਹੋਏ ਨੁਕਤਿਆਂ ਤੇ ਦੁਬਾਰਾ ਪੁੱਜਦੇ ਹਨ, ਜਿਸ ਨਾਲ਼ ਉਹਨਾਂ ਦੀ ਸਮਝ ਬਿਹਤਰ ਹੁੰਦੀ ਹੈ।

* ਸਿੱਖਣ ਦੌਰਾਨ ਬੱਚੇ ਬਹੁਤ ਸਾਰੀਆਂ ਗਲਤੀਆਂ ਵੀ ਕਰਦੇ ਹਨ। ਇਹ ਉਹਨਾਂ ਦੀ ਸਿੱਖਣ ਪ੍ਰਕ੍ਰਿਆ ਦਾ ਜ਼ਰੂਰੀ ਅੰਗ ਹਨ।ਗ਼ਲਤੀਆਂ ਕਰਕੇ ਹੀ ਉਹ ਵਧੇਰੇ ਅਤੇ ਚੰਗੀ ਤਰ੍ਹਾਂ ਸਿੱਖਦੇ ਹਨ। ਅਜਿਹੀਆਂ ਗ਼ਲਤੀਆਂ ਨੂੰ ਲਗਾਤਾਰ ਸਮੁੱਚੇ ਮੁਲਾਂਕਣ ਦਾ ਆਧਾਰ ਨਹੀਂ ਬਣਾ ਲੈਣਾ ਚਾਹੀਦਾ।
* ਅਜਿਹਾ ਮੁਲਾਂਕਣ ਕਰਦੇ ਸਮੇਂ ਉਹਨਾਂ ਦੀਆਂ ਵਿਅਕਤੀਗਤ ਅਤੇ ਵਿਸ਼ੇਸ਼ ਜ਼ਰੂਰਤਾਂ ਨੂੰ ਪਛਾਣਿਆ ਜਾਣਾ ਚਾਹੀਦਾ ਹੈ, ਉਹਨਾਂ ਨੂੰ ਕੁੱਝ ਵੀ ਪ੍ਰਾਪਤ ਕਰ ਸਕਣ ਅਤੇ ਪੂਰਨਤਾ ਦੀ ਭਾਵਨਾ ਦੇ ਵਿਕਾਸ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।
* ਕਾਰਗਰ ਤਰੀਕਿਆਂ ਨਾਲ਼ ਪੜ੍ਹਾਉਣ ਉਪਰੰਤ ਲਗਾਤਾਰ ਸਮੁੱਚਾ ਮੁਲਾਂਕਣ ਕਰਦੇ ਸਮੇਂ ਮੁਲਾਂਕਣ ਪ੍ਰਤੀ ਉਹਨਾਂ ਦੇ ਵਿਅਕਤੀਗਤ ਭੈਅ ਨੂੰ ਦੂਰ ਕਰਕੇ ਉਹਨਾਂ ਦੇ ਸਿੱਖਣ ਅਤੇ ਵਿਕਾਸ ਵਿੱਚ ਮਦਦ ਕਰਨਾ ਅਤਿ ਜ਼ਰੂਰੀ ਹੈ ਕਿਉਂਕਿ ਪਰੀਖਿਆ ਕਾਰਨ ਉਪਜਿਆ ਭੈਅ ਬੱਚੇ/ਬੱਚੀਆਂ ਦੇ ਸਮੁੱਚੇ ਵਿਕਾਸ ਵਿੱਚ ਰੌੜਾ ਅਟਕਾਉਂਦਾ ਹੈ।

### ਲਗਾਤਾਰ ਸਮੁੱਚੇ ਮੁਲਾਂਕਣ ਲਈ ਜਮਾਤ ਕਿਹੋ ਜਿਹੀ ਹੋਵੇ?

* ਅਜਿਹੇ ਮੁਲਾਂਕਣ ਲਈ ਜਮਾਤ ਬੱਚਿਆਂ ਤੇ ਕੇਂਦਰਤ ਹੋਣੀ ਚਾਹੀਦੀ ਹੈ ਕਿਉਂਕਿ ਅਜਿਹੀ ਜਮਾਤ ਅੰਦਰ ਅਧਿਆਪਕ ਉਹਨਾਂ ਲਈ ਅਜਿਹੀਆਂ ਸਿੱਖਣ ਸਥਿਤੀਆਂ ਪੈਦਾ ਕਰਦੇ ਹਨ ਜਿੱਥੇ ਉਹਨਾਂ ਨੂੰ ਦੇਖਣ-ਪਰਖਣ, ਅਨੁਭਵ ਪ੍ਰਾਪਤ ਕਰਨ ਅਤੇ ਅੱਡ-ਅੱਡ ਧਾਰਨਾਵਾਂ ਪ੍ਰਤੀ ਆਪਣੀ ਸਮਝ ਬਨਾਉਣ ਦੇ ਮੌਕੇ ਮਿਲਦੇ ਹਨ।
* ਅਜਿਹੀ ਜਮਾਤ ਅੰਦਰ ਬੱਚੇ/ਬੱਚੀਆਂ ਵਿਅਕਤੀ ਦੇ ਤੌਰ ਤੇ ਕੰਮ ਕਰਦੇ ਹਨ, ਸਮੂਹ ਵਿੱਚ ਚਰਚਾ ਕਰਦੇ ਹਨ ਅਤੇ ਆਪਣੇ ਅਨੁਭਵ ਇੱਕ ਦੂਜੇ ਨਾਲ਼ ਸਾਂਝੇ ਕਰਦੇ ਹਨ। ਉਹਨਾਂ ਅੰਦਰ ਸਹਿਯੋਗ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਅਤੇ ਉਹ ਇੱਕ ਦੂਜੇ ਦੇ ਵਿਚਾਰਾਂ ਦਾ ਆਦਰ ਕਰਨਾ ਸਿੱਖਦੇ ਹਨ।
* ਇਸ ਜਮਾਤ ਵਿੱਚ ਅਧਿਆਪਕ ਸਿਰਫ਼ ਇੱਕ ਸਹਾਇਕ (facilitator) ਦਾ ਕੰਮ ਕਰਦਾ ਹੈ।

### ਕਿਸ ਬਾਰੇ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ?

ਕਿਉਂਕਿ ਸਿੱਖਿਆ ਬੱਚੇ/ਬੱਚੀ ਦੇ ਸਮੁੱਚੇ ਵਿਕਾਸ ਨਾਲ਼ ਜੁੜੀ ਹੋਈ ਹੈ ਭਾਵ ਸਰੀਰਕ, ਸਮਾਜਿਕ, ਭਾਵਨਾਤਮਿਕ ਅਤੇ ਬੁੱਧੀ ਦਾ ਵਿਕਾਸ। ਇਸ ਲਈ ਸਿਰਫ਼ ਅਕਾਦਮਿਕ ਪਹਿਲੂ ਦਾ ਹੀ ਨਹੀਂ ਸਗੋਂ ਸਾਰੇ ਪਹਿਲੂਆਂ ਭਾਵ ਪਾਠ ਕ੍ਰਮ ਅਤੇ ਪਾਠ-ਕ੍ਰਮ ਸਹਾਇਕ ਗਤੀਵਿਧੀਆਂ

ਸੰਬੰਧੀ ਪਹਿਲੂਆਂ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ। ਇਸ ਲਈ ਇਹ ਦੋਵੇਂ ਤਰ੍ਹਾਂ ਦੀਆਂ ਕੁਸ਼ਲਤਾਵਾਂ ਵਿੱਦਿਅਕ ਅਤੇ ਸਹਿਵਿਦਿਅਕ - ਦਾ ਮੁਲਾਂਕਣ ਹੋਵੇਗਾ ਜਿਸ ਲਈ ਅਧਿਆਪਕ ਦੋ ਤਰ੍ਹਾਂ ਦੇ ਖੇਤਰਾਂ (Domains) ਨੂੰ ਧਿਆਨ ਵਿੱਚ ਰੱਖੇਗਾ:

1) ਵਿਚਾਰਾਤਮਕ ਖੇਤਰ (Affective Domains)

2) ਕ੍ਰਿਆਤਮਕ ਖੇਤਰ (Psychomotor Domains)

ਇਹਨਾਂ ਦੋਵੇਂ ਖੇਤਰਾਂ ਤਹਿਤ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਤੇ ਖਾਸ ਤੌਰ ਤੇ ਵਿਚਾਰਿਆ ਜਾਵੇਗਾ:

1) ਵਰਕ ਐਕਸਪੀਰੀਐਂਸ (Work Experience)

2) ਆਰਟ ਅਤੇ ਕ੍ਰਾਫਟ (Art and Craft)

3) ਸੰਗੀਤ ਅਤੇ ਨ੍ਰਿਤ (Music and Dance)

4) ਸਾਹਿਤਿਕ ਅਤੇ ਕ੍ਰਿਆਤਮਕ ਕੁਸ਼ਲਤਾਵਾਂ (Literary and creative skills)

5) ਵਿਗਿਆਨਕ ਕੁਸ਼ਲਤਾਵਾਂ (Scientific skills)

6) ਖੇਡਾਂ (Sports)

7) ਯੋਗਾ (Yoga)

8) ਬਾਗਵਾਨੀ (Gardening)

ਕਲਾ, ਵਰਕ ਐਕਸਪੀਰੀਐਂਸ, ਸਿਹਤ ਅਤੇ ਸਰੀਰਕ ਸਿੱਖਿਆ ਜਿਹੇ ਵਿਸ਼ੇ ਬੱਚੇ/ਬੱਚੀ ਦੇ ਸਰਵਪੱਖੀ ਵਿਕਾਸ ਲਈ ਅਤਿ ਜ਼ਰੂਰੀ ਹਨ। ਇਸ ਲਈ ਇਹਨਾਂ ਵਿਸ਼ਿਆਂ ਦਾ ਮੁਲਾਂਕਣ ਉਹਨਾਂ ਦੀ ਹੌਸਲਾ ਅਫਜਾਈ ਅਤੇ ਉਹਨਾਂ ਨੂੰ ਪ੍ਰੇਰਿਤ ਕਰਨ ਲਈ ਕੀਤਾ ਜਾਵੇ। ਵਰਕ ਐਕਸਪੀਰੀਐਂਸ ਵਿੱਚ ਕਲੇਅ ਮਾਡਲਿੰਗ, ਫਾਲਤੂ ਚੀਜਾਂ ਤੋਂ ਟੀ ਐਲ.ਐਮ. ਤਿਆਰ ਕਰਨਾ, ਬਾਗਬਾਨੀ, ਜਮਾਤ ਦੇ ਕਮਰੇ ਦੀ ਸਜਾਵਟ ਆਦਿ ਲਏ ਜਾ ਸਕਦੇ ਹਨ।

ਸਾਹਿਤਿਕ ਕੁਸ਼ਲਤਾਵਾਂ ਵਿੱਚ ਕਵਿਤਾ, ਕਹਾਣੀ, ਸੰਵਾਦ, ਪੈਰ੍ਹਾ ਆਦਿ ਬੋਲਣਾ/ਲਿਖਣਾ, ਕੋਮਲ ਕਲਾਵਾਂ ਵਿੱਚ ਡਰਾਇੰਗ, ਗੀਤ-ਸੰਗੀਤ, ਨ੍ਰਿਤ, ਡਰਾਮਾ ਆਦਿ

**ਖੇਡਣਾ, ਅਤੇ ਖੇਡਾਂ ਵਿੱਚ ਕਮਰੇ ਅੰਦਰ/ਖੇਡ ਦੇ ਮੈਦਾਨ ਵਿੱਚ ਖੇਡੀਆ ਜਾਣ ਵਾਲੀਆਂ ਖੇਡਾ ਖੇਡਣੀਆ/ਉਹਨਾਂ ਵਿੱਚ ਰੁਚੀ ਦਿਖਾਉਣੀ ਹੋਵੇਗੀ।**

**<u>ਮੁਲਾਂਕਣ ਕਦੋਂ ਕੀਤਾ ਜਾਣਾ ਚਾਹੀਦਾ ਹੈ?</u>**

ਜਿਵੇਂ ਸਿੱਖਣ ਸਿਖਾਉਣ ਪ੍ਰਕ੍ਰਿਆ ਲਗਾਤਾਰ ਚੱਲਦੀ ਹੈ, ਉਸੇ ਤਰ੍ਹਾਂ ਮੁਲਾਂਕਣ ਵੀ ਲਗਾਤਾਰ ਹੀ ਕੀਤਾ ਜਾਣਾ ਚਾਹੀਦਾ ਹੈ: **ਹਫ਼ਤਾਵਾਰੀ, ਮਹੀਨਾਵਾਰੀ ਅਤੇ ਸਲਾਨਾ ਦੇ ਅਧਾਰ ਤੇ।**

- **ਕੀਤੇ ਜਾਂਦੇ ਮੁਲਾਂਕਣ** ਵਿੱਚ ਪ੍ਰਸ਼ਨਾਂ ਦੇ **ਸ਼ਬਦਾਂ ਦੀ** ਬਣਤਰ ਅਜਿਹੀ ਹੋਵੇ ਕਿ ਬੱਚੇ/ਬੱਚੀਆਂ ਨੂੰ ਆਪਣੇ ਵਿਚਾਰ ਅਤੇ ਜਵਾਬ ਸੋਚ ਕੇ ਦੇ ਸਕਣ ਦੀ ਸੌਖ ਹੋਵੇ। ਨਾਲ਼ ਹੀ ਇਹ ਵੀ ਪਤਾ ਲੱਗੇ ਕਿ ਉਹ ਵਿਸ਼ੇ/ਉਪ ਵਿਸ਼ੇ ਪ੍ਰਤੀ ਕਿੰਨੀ ਸਮਝ ਰੱਖਦੇ ਹਨ। ਜਿਵੇਂ ਛਾਂਟਵੇਂ (Multiple Choice) ਪ੍ਰਸ਼ਨ ਦੇਣਾ।
- ਬੱਚੇ/ਬੱਚੀ ਦੇ ਸਿੱਖਣ ਅਤੇ ਪ੍ਰਗਤੀ ਦੀ ਪੂਰੀ ਤਸਵੀਰ ਦੇਣ ਲਈ ਉਸ ਦੇ ਸਿੱਖਣ ਖੇਤਰ ਨੂੰ ਵਿਸਥਾਰ ਦਿੱਤਾ ਜਾਵੇ। ਸਿੱਖਣ ਖੇਤਰ ਵਿੱਚ ਪਾਠਕ੍ਰਮ ਸੰਬੰਧੀ ਅਤੇ ਪਾਠ-ਕ੍ਰਮ ਸਹਾਇਕ ਗਤੀਵਿਧੀਆਂ ਸੰਬੰਧੀ ਉੱਪਰ ਚਰਚਾ ਕੀਤੀ ਜਾ ਚੁੱਕੀ ਹੈ।
- ਸੂਚਨਾ ਦਰਜ ਕਰਨ ਲਈ ਬੱਚੇ/ਬੱਚੀਆਂ ਦਾ ਪ੍ਰੋਫ਼ਾਇਲ ਤਿਆਰ ਕਰਨਾ ਅਤਿ ਜ਼ਰੂਰੀ ਹੈ।

**<u>ਪ੍ਰੋਫਾਰਮੇ ਅਤੇ ਪ੍ਰਗਤੀ ਕਾਰਡ (annexture 1, 2 & 3)</u>**

**<u>ਪ੍ਰੋਫਾਰਮੇ ਭਰਨੇ</u>**:- ਹਫਤਾਵਾਰੀ ਪ੍ਰੋਫਾਰਮਾ ਭਰਦੇ ਸਮੇਂ ਅਧਿਆਪਕ ਪਿੱਛੇ ਦੱਸੇ ਅਨੁਸਾਰ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਗ੍ਰੇਡ ਦੇਣਗੇ। ਉਪਰੰਤ ਇਹਨਾਂ ਗ੍ਰੇਡਾਂ ਦਾ ਔਸਤ ਪਹਿਲਾਂ ਮਹੀਨਾਵਾਰ ਤੇ ਫੇਰ ਸਲਾਨਾ ਤੌਰ ਤੇ ਕੱਢਿਆ ਜਾਵੇਗਾ।

**<u>ਬੱਚੇ/ਬੱਚੀ ਦੇ ਸਮੁੱਚੇ ਵਿਅਕਤੀਤਵ ਸਬੰਧੀ ਮੁਲਾਂਕਣ ਕਰਦੇ ਸਮੇਂ ਅਧਿਆਪਕ ਦੋ ਖੇਤਰ ਧਿਆਨ ਵਿੱਚ ਰੱਖੇਗਾ</u>**:

ੳ. **<u>ਪਛਾਣੀਆਂ ਗਈਆਂ ਕਮੀਆ</u>**:- ਭਾਵ ਬੱਚੇ ਦੇ ਵਿਅਕਤੀਤਵ ਦੇ ਵਿਕਾਸ ਵਿੱਚ ਕਿਹੜੀਆਂ-ਕਿਹੜੀਆਂ ਊਣਤਾਈਆਂ ਹਨ;

ਅ. **<u>ਕਮੀ ਦੂਰ ਕਰਨ ਦੀ ਕੋਸ਼ਿਸ਼</u>**:- ਅਧਿਆਪਕ ਨੇ ਉਹਨਾਂ ਊਣਤਾਈਆਂ ਨੂੰ ਦੂਰ ਕਰਨ ਲਈ ਬੱਚੇ ਦੀ ਕਿੰਨੀ ਤੇ ਕਿਵੇਂ ਮਦਦ ਕੀਤੀ;

ੲ. **<u>ਨਤੀਜਾ</u>**:- ਕਿੰਨੀ ਊਣਤਾਈ ਦੂਰ ਹੋਈ ਤੇ ਕਦੋਂ ਤੱਕ ਹੋਈ।

**<u>ਵਿਸ਼ੇਸ਼</u>**:- ੳ, ਅ ਤੇ ੲ ਭਾਗ ਗ੍ਰੇਡਾਂ ਵਿੱਚ ਨਹੀਂ ਭਰਿਆ ਜਾਵੇਗਾ। ਸਗੋਂ ਇਹ ਵਰਨਾਤਮਕ ਰੂਪ ਵਿੱਚ ਲਿਖਿਆ ਜਾਵੇਗਾ। ਅਧਿਆਪਕ ਨਾਂਹਵਾਚੀ (Negative) ਸ਼ਬਦ ਨਹੀਂ ਵਰਤਣਗੇ ਜਿਵੇਂ ਇਸ ਨੂੰ ਬਿਲਕੁਲ ਵੀ ਪੜ੍ਹਨਾ ਨਹੀ ਆਉਂਦਾ, ਨਾ ਲਿਖ ਕੇ ਇਹ ਲਿਖੇਗਾ ਕਿ 'ਹੋਰ ਮਿਹਨਤ ਕਰਕੇ ਵਧੇਰੇ ਚੰਗੀ ਤਰ੍ਹਾਂ ਪੜ੍ਹ ਸਕਦਾ/ਸਕਦੀ ਹੈ' ਆਦਿ।

ੳ ਭਾਗ ਵਿੱਚ ਅਧਿਆਪਕ ਬੱਚੇ ਨੂੰ ਵਿੱਦਿਅਕ ਖੇਤਰ ਦੀ ਪ੍ਰਾਪਤੀ ਲਈ ਇੱਕ ਸਵੈਮੁਲਾਂਕਣ ਪ੍ਰੋਫਾਰਮਾ (self assessment format) ਵੀ ਬਣਾ ਕੇ ਦੇ ਸਕਦਾ ਹੈ ਜਿਸ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ:

- ਤੁਹਾਨੂੰ ਪਾਠ ਪੂਰੀ ਤਰ੍ਹਾਂ ਨਾਲ ਸਮਝ ਲਗ ਗਿਆ ਹੈ?
- ਇਸ ਬਾਰੇ ਆਪਣੇ ਹਮ ਜਮਾਤੀਆਂ ਨਾਲ ਗੱਲ ਕਰ ਸਕਦੇ ਹੋ?
- --- ਪਾਤਰ ਬਾਰੇ ਜਮਾਤ ਵਿੱਚ ਬੋਲ ਕੇ ਦੱਸ ਸਕਦੇ ਹੋ?
- --- ਦਾ ਪਹਾੜਾ (table) ਸੁਣਾ ਸਕਦੇ ਹੋ?
- ਵਾਤਾਵਰਨ ਪ੍ਰਦੂਸ਼ਣ ਦੇ ਕਾਰਨ ਦੱਸ ਸਕਦੇ ਹੋ?
- --- ਦੇ ਬਾਰੇ ਚਿੱਤਰ ਬਣਾ ਸਕਦੇ ਹੋ? --- ਆਦਿ।

**<u>ਨਤੀਜਾ/ਸੁਧਾਰ</u>**:- ਇਸ ਖਾਨੇ ਵਿੱਚ ਪਾਈ ਗਈ ਊਣਤਾਈ ਦਾ ਜਿੰਨਾ-ਜਿੰਨਾ ਸੁਧਾਰ ਹੋਇਆ ਹੈ, ਉਸ ਬਾਰੇ ਅਧਿਆਪਕ ਵਿਸਥਾਰ ਨਾਲ ਲਿਖੇਗਾ।

**<u>ਸਿਹਤ ਦੀ ਸਥਿਤੀ</u>**:- ਇਸ ਖਾਨੇ ਵਿੱਚ ਬੱਚੇ/ਬੱਚੀ ਦੀ ਸਰੀਰਕ ਪੱਖ ਤੋਂ ਕਿਸੇ ਵੀ ਤਰ੍ਹਾਂ ਦੀ ਕਮੀ ਦਾ ਵਰਨਣ ਕੀਤਾ ਜਾਵੇਗਾ, ਇਸ ਬਾਰੇ ਉਸ ਦੇ ਘਰਦਿਆਂ ਨੂੰ ਦੱਸਿਆਂ ਜਾਵੇਗਾ ਤੇ ਕੀਤੇ ਗਏ ਇਲਾਜ ਦਾ ਵੇਰਵਾ ਦਿੱਤਾ ਜਾਵੇਗਾ।

ਉਦਾਹਰਨ ਲਈ ਦੇਖਿਆਂ ਜਾ ਸਕਦਾ ਹੈ:

**<u>ਵਿਸ਼ੇ ਵਾਰ ਕੁਸ਼ਲਤਾਵਾਂ ਲਈ ਗ੍ਰੇਡ ਦੇਣ ਹਿਤ ਹਦਾਇਤਾਂ</u>**

**ਭਾਸ਼ਾ:**– ਭਾਸ਼ਾ ਵਿਚ ਗ੍ਰੇਡ ਕਿਸ ਤਰ੍ਹਾਂ ਦੇਣਾ ਹੈ:–

ਭਾਸ਼ਾ ਦੀਆਂ ਚਾਰ ਮੁੱਖ ਕੁਸ਼ਲਤਾਵਾਂ ਦਾ ਮੁਲਾਂਕਣ ਕਰਦੇ ਸਮੇਂ ਗ੍ਰੇਡ ਦੇਣ ਹਿਤ ਹੇਠ ਲਿਖੀਆਂ ਗੱਲਾਂ ਤੇ ਵਿਸ਼ੇਸ਼ ਧਿਆਨ ਦੇਣਾ ਹੈ:

1. **ਸੁਣਨਾ:**

- ਜਮਾਤ ਵਿੱਚ ਵਿਦਿਆਰਥੀ ਪਾਠ ਨੂੰ ਕਿਸ ਤਰ੍ਹਾਂ ਸੁਣਦਾ ਹੈ?
- ਪੁਛੇ ਗਏ ਪ੍ਰਸ਼ਨਾ ਨੂੰ ਸਮਝ ਨਾਲ ਸੁਣਦਾ ਹੈ।
- ਧੀਰਜ ਤੇ ਧਿਆਨ ਨਾਲ ਸੁਣਦਾ ਹੈ।
- ਧੁੰਨੀਆਂ ਦੇ ਉਚਾਰਨ ਵਿੱਚ ਭੇਦ ਕਰਦਾ ਹੈ।

2. **ਬੋਲਣਾ:**

- ਕੀ ਪ੍ਰਸ਼ਨ ਦਾ ਉੱਤਰ ਦਿੰਦਾ/ਦਿੰਦੀ ਹੈ?
- ਪਾਠ ਸੁਣਾਉਂਦਾ/ਸੁਣਾਉਂਦੀ ਹੈ।
- ਦਿੱਤੇ ਗਏ ਵਿਸ਼ਿਆਂ ਤੇ ਬੋਲਦਾ/ਬੋਲਦੀ ਹੈ।
- ਕੀ ਸਵੈ-ਅਭਿਵਿਅਕਤੀ ਹੈ?
- ਕੀ ਬੋਲਣ ਲੱਗਿਆਂ ਵਾਕ ਠੀਕ ਬਣਾਉਂਦਾ/ਬਣਾਉਂਦੀ ਹੈ?
- ਤਸਵੀਰ ਦਾ ਵਰਣਨ ਕਰਦਾ/ਕਰਦੀ ਹੈ?
- ਕੀ ਕਵਿਤਾ, ਕਹਾਣੀ ਸੁਣਾਉਂਦਾ/ਸੁਣਾਉਂਦੀ ਹੈ?
- ਗਰੁੱਪ-ਡਿਸਕਸ਼ਨ ਵਿੱਚ ਭਾਗ ਲੈਂਦਾ/ਲੈਂਦੀ ਹੈ?

3. **ਪੜ੍ਹਨਾ:**

- ਕੀ ਸਮਝ ਨਾਲ ਪਾਠ ਪੜ੍ਹਦਾ/ਪੜ੍ਹਦੀ ਹੈ?
- ਪਾਠ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿੰਦਾ/ਦਿੰਦੀ ਹੈ?
- ਕੀ ਪਾਠ ਸ਼ੁੱਧ ਪੜ੍ਹਦਾ/ਪੜ੍ਹਦੀ ਹੈ ਹੋਰ ਕਹਾਣੀਆਂ ਆਦਿ ਪੜ੍ਹਨ ਵਿੱਚ ਰੁਚੀ ਰੱਖਦਾ/ਰੱਖਦੀ ਹੈ?

4. **ਲਿਖਣਾ:**

- ਸ਼ੁਧ ਤੇ ਸਪੱਸ਼ਟ ਲਿਖਣਾ

- ਦੇਖ ਕੇ ਲਿਖਣਾ
- ਵਾਕ ਬਣਾਉਣਾ
- ਖਾਲੀ ਸਥਾਨ ਭਰਨਾ
- ਪੈਰ੍ਹਾ ਪੜ੍ਹਕੇ ਉਸ ਵਿਚੋਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖਣਾ
- ਵਿਆਕਰਨ
- ਚਿੱਠੀ, ਲੇਖ ਜਾਂ ਕਹਾਣੀ ਲਿਖਣਾ

<u>ਗਣਿਤ</u>:– ਵਿਸ਼ਾ ਅਧਿਆਪਕ ਹਰ ਵਿਦਿਆਰਥੀ ਦਾ ਹੇਠ ਲਿਖੇ ਮੁਤਾਬਿਕ ਮੁਲਾਂਕਣ ਕਰੇਗਾ:

- ਮੌਖਿਕ ਕੰਮ
- ਲਿਖਤੀ ਕੰਮ
- ਪ੍ਰਯੋਗੀ ਕੰਮ
- ਰੋਜ਼ਾਨਾ ਜਿੰਦਗੀ ਵਿੱਚ ਉਪਯੋਗ

<u>ਵਿਗਿਆਨ:</u>

- ਮੌਖਿਕ ਕੰਮ
- ਲਿਖਤੀ ਕੰਮ
- ਪ੍ਰਯੋਗੀ ਕੰਮ
- ਰੋਜ਼ਾਨਾ ਜਿੰਦਗੀ ਵਿੱਚ ਉਪਯੋਗ

<u>ਸਮਾਜਿਕ ਵਿਗਿਆਨ:</u>

- ਮੌਖਿਕ ਕੰਮ
- ਲਿਖਤੀ ਕੰਮ
- ਪ੍ਰਯੋਗੀ ਕੰਮ/ਖੋਜ ਅਧਾਰਿਤ ਕੰਮ
- ਰੋਜ਼ਾਨਾ ਜਿੰਦਗੀ ਵਿੱਚ ਉਪਯੋਗ

<u>ਕਲਾ:</u>

- ਵਿਸ਼ਵਾਸ਼ ਨਾਲ ਚਿੱਤਰ ਬਣਾਉਣ ਦੀ ਯੋਗਤਾ
- ਚਿੱਤਰ ਬਣਾਉਦੇ ਸਮੇਂ ਕਲਪਨਾ ਅਤੇ ਮੌਲਿਕਤਾ ਦਾ ਵਿਖਾਵਾ
- ਭਿੰਨ-ਭਿੰਨ ਤਰ੍ਹਾਂ ਦੀਆਂ ਆਕ੍ਰਿਤੀਆਂ ਬਣਾਉਣਾ
- ਕੋਲਾਜ
- ਰੰਗਾਂ ਦਾ ਗਿਆਨ

<u>ਸਿਹਤ ਅਤੇ ਸਰੀਰਕ ਸਿੱਖਿਆ:</u>

- ਐਥਲੈਟਿਕਸ
- ਖੇਡਾਂ
- ਯੋਗਾ
- ਨਿਯਮ ਬੱਧਤਾ
- ਸਾਫ਼ ਸਫਾਈ

<u>ਕੁੱਝ ਹੋਰ ਜਰੂਰੀ ਹਦਾਇਤਾਂ:</u>

- ਕੁੱਲ ਹਫ਼ਤਿਆਂ ਦੇ ਗ੍ਰੇਡਾਂ ਦਾ ਔਸਤ ਮਾਸਿਕ ਗ੍ਰੇਡ ਦੇ ਰੂਪ ਵਿੱਚ ਦਿੱਤਾ ਜਾਵੇਗਾ।
- ਕੁੱਲ ਮਾਸਿਕ ਗ੍ਰੇਡਾਂ ਦਾ ਔਸਤ ਸਲਾਨਾ ਗ੍ਰੇਡ (ਨਤੀਜਾ) ਬਣੇਗਾ।
- ਜੂਨ ਮਹੀਨੇ ਦੇ ਗ੍ਰੇਡ ਦਾ ਨਿਰਧਾਰਨ ਗਰਮੀ ਦੀਆਂ ਛੁੱਟੀਆਂ ਤੇ ਅਧਾਰਿਤ ਹੋਮ ਅਸਾਇਨਮੈਂਟ ਤੇ ਨਿਰਭਰ ਹੋਵੇਗਾ। ਇਹ ਹੋਮ ਅਸਾਇਨਮੈਂਟ ਵਿਸ਼ੇ ਅਨੁਸਾਰ ਪ੍ਰੋਜੈਕਟ ਵਰਕ, ਖੋਜ ਅਤੇ ਸਕਰੈਪ ਬੁੱਕ ਆਦਿ ਬਣਾਉਣ ਦਾ ਹੋਵੇਗਾ। ਵਿਸ਼ਾ ਅਧਿਆਪਕ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਹਰ ਵਿਦਿਆਰਥੀ ਹੋਮ ਅਸਾਇਨਮੈਂਟ ਨੂੰ ਬੋਝ ਨਾ ਸਮਝੇ ਸਗੋਂ ਆਨੰਦਮਈ ਢੰਗ ਨਾਲ ਇਸਨੂੰ ਪੂਰਾ ਕਰੇ।
- ਲਿਖਤੀ ਮੁਲਾਂਕਣ ਵਿੱਚ ਵੱਡੇ ਉੱਤਰ ਵਾਲੇ ਪ੍ਰਸ਼ਨ, ਛੋਟੇ ਉੱਤਰ ਵਾਲੇ ਪ੍ਰਸ਼ਨ, ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ, ਵਸਤੂ ਨਿਸ਼ਠ ਪ੍ਰਸ਼ਨ (objective type) ਅਤੇ ਅਪੂਰਨ

ਵਾਕ ਵਾਲੇ (open ended) ਪ੍ਰਸ਼ਨ ਪੁੱਛੇ ਜਾਣ। ਰਟੇ-ਰਟਾਏ ਉੱਤਰਾਂ ਵਾਲੇ ਪ੍ਰਸ਼ਨ ਨਾ ਪੁੱਛੇ ਜਾਣ।

- ਮੁਲਾਂਕਣ ਲਈ ਟੂਲਜ਼ ਤਿਆਰ ਕਰਦੇ ਸਮੇਂ ਬੱਚੇ/ਬੱਚੀ ਦੀ ਵਿਸ਼ਲੇਸ਼ਣਾਤਮਕ, ਕ੍ਰਿਆਤਮਕ ਅਤੇ ਹੋਰ ਬਹੁ-ਵਿਧਾਵੀ ਸਮਝ ਦਾ ਮੁਲਾਂਕਣ ਕਰਨ ਲਈ ਵਧੇਰੇ ਗੁੰਜਾਇਸ਼ ਹੋਵੇ।
- ਹਰੇਕ ਤਕਨੀਕ ਨੂੰ ਉਚਿਤ ਮਹੱਤਵ (weightage) ਦਿੱਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀ **ਤਿੰਨ ਮਹੀਨਿਆ ਵਿੱਚ ਇੱਕ ਪ੍ਰੋਜੈਕਟ ਜਰੂਰ ਬਨਾਉਣ ਅਤੇ ਹਰੇਕ ਮਹੀਨੇ ਕੀਤੇ ਜਾਣ ਵਾਲੇ ਲਿਖਤੀ ਮੁਲਾਂਕਣ ਸਮੇਂ ਹਾਜ਼ਰ ਹੋਣ।** ਇਹ ਲਿਖਤੀ ਮੁਲਾਂਕਣ ਅਧਿਆਪਕ ਰਾਹੀਂ ਪ੍ਰਸ਼ਨਾਵਲੀ/ਪ੍ਰਸ਼ਨ ਪੱਤਰ ਤਿਆਰ ਕਰਕੇ ਕੀਤਾ ਜਾਵੇ। ਪ੍ਰਸ਼ਨਾਵਲੀ/ਪ੍ਰਸ਼ਨ ਪੱਤਰ ਆਦਿ ਤਿਆਰ ਕਰਦੇ ਸਮੇਂ ਅਧਿਆਪਕ ਇਹ ਧਿਆਨ ਰੱਖੇ ਕਿ ਉਹ ਹਰ ਬੱਚੇ/ਬੱਚੀ ਦੀ ਸਮਝ ਅਨੁਸਾਰ ਖਰੀ/ਖਰਾ ਉਤਰੇ।
- ਸੰਵੈਧਾਨਿਕ ਕਦਰਾਂ ਕੀਮਤਾਂ ਅਤੇ ਸਿੱਖਿਆ ਪ੍ਰਕ੍ਰਿਆ ਦਾ ਮਨੁੱਖੀ ਜੀਵਨ ਨਾਲ ਬਹੁਤ ਗੂੜ੍ਹਾ ਸਬੰਧ ਹੈ। ਇਹਨਾਂ ਦਾ ਮੁਲਾਂਕਣ ਵੀ ਉਚਿਤ ਢੰਗ ਨਾਲ ਕੀਤਾ ਜਾਵੇ।
- ਬੱਚੇ/ਬੱਚੀਆਂ ਅੰਦਰ ਬਹੁਤ ਸਾਰੀਆਂ ਲੁਕੀਆਂ ਹੋਈਆਂ ਯੋਗਤਾਵਾਂ/ਨਿਪੁੰਣਤਾਵਾਂ/ਪ੍ਰਤਿਭਾ ਹੁੰਦੀ ਹੈ। ਇਹਨਾਂ ਨੂੰ ਉਭਾਰਨ ਲਈ ਅਧਿਆਪਕ ਵਿਦਿਆਰਥੀਆਂ ਅੰਦਰ ਸਿੱਖਣ ਅਨੁਭਵ ਅਤੇ ਇਹਨਾਂ ਸਬੰਧੀ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਉਹਨਾਂ ਦੇ ਸਮੁੱਚੇ ਵਿਕਾਸ ਲਈ ਸੁਵਿਧਾ ਅਨੁਸਾਰ ਵਿਵਸਥਿਤ ਕਰੇ।
- ਮੁਲਾਂਕਣ ਕਰਦੇ ਸਮੇਂ ਬੱਚੇ/ਬੱਚੀ ਦੀਆਂ ਸਿੱਖਣ ਸਬੰਧੀ ਜਿਹੜੀਆਂ ਵੀ ਮੁਸ਼ਕਿਲਾਂ ਜਾਂ ਕਮੀਆਂ ਸਾਹਮਣੇ ਆਉਣ, ਉਹਨਾਂ ਨੂੰ ਦੂਰ ਕਰਨ ਲਈ ਅਧਿਆਪਕ ਉਹਨਾਂ ਨੂੰ ਅਤਿਰਿਕਤ ਅਗਵਾਈ ਦੇ ਕੇ ਉਹਨਾਂ ਨੂੰ ਇੱਛਤ ਪੱਧਰ ਤੱਕ ਲਿਆਵੇ।

- ਅਧਿਆਪਕ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਕੋਈ ਵੀ ਵਿਦਿਆਰਥੀ **ਈ** ਗਰੇਡ ਵਿੱਚ ਨਾ ਆਵੇ। ਜੇਕਰ ਬੱਚੇ ਦਾ **ਈ** ਗਰੇਡ ਸੰਭਾਵਿਤ ਹੋਵੇ ਤਾਂ ਇਸ ਲਈ ਅਧਿਆਪਕ ਬੱਚੇ/ਬੱਚੀ ਦੀ ਪ੍ਰਗਤੀ ਵਾਸਤੇ ਉਚੇਚਾ ਧਿਆਨ ਦੇਣ।
- ਹਰੇਕ ਅਧਿਆਪਕ ਨੂੰ ਆਪਣੇ ਵਿਸ਼ੇ ਦੇ ਮੁਲਾਂਕਣ ਦਾ ਪੂਰਾ ਧਿਆਨ/ਗਿਆਨ ਹੋਵੇ ਅਤੇ ਉਹ ਖੁਦ ਨਿਸ਼ਚਾ ਕਰੇ ਕਿ ਮੁਲਾਂਕਣ ਲਈ ਕਿਹੜੀ ਤਕਨੀਕ ਦਾ ਪ੍ਰਯੋਗ ਕਰਨਾ ਹੈ।
- ਮਲਾਂਕਣ ਲਈ ਵਰਤੀ ਜਾਣ ਵਾਲੀ ਤਕਨੀਕ-ਪ੍ਰਸ਼ਨ ਪੱਤਰ ਆਦਿ ਅਧਿਆਪਕ ਖੁਦ ਤਿਆਰ ਕਰਨ। ਇਹ ਕਿਸੇ ਬਾਹਰਲੀ ਏਜੰਸੀ ਰਾਹੀਂ ਤਿਆਰ ਨਾ ਕਰਵਾਏ ਜਾਣ।
- ਪੂਰੇ ਸਾਲ ਦਾ ਰਿਕਾਰਡ ਸਮੇਤ ਉੱਤਰ ਪੱਤਰੀਆਂ, ਵਿਸ਼ਾ ਵਾਰ ਅਧਿਆਪਕ ਰਜਿਸਟਰ, ਪ੍ਰਗਤੀ ਰਜਿਸਟਰ ਆਦਿ ਘੱਟੋ ਘੱਟ ਦੋ ਸਾਲ ਤੱਕ ਸਾਂਭ ਕੇ ਰੱਖਿਆ ਜਾਵੇ।
- ਮਹੀਨਾਵਾਰ ਲਿਖਤੀ ਮੁਲਾਂਕਣ 20 ਨੰਬਰਾਂ ਵਿੱਚੋਂ ਕਰਨ ਉਪਰੰਤ ਗ੍ਰੇਡ ਦਿੱਤਾ ਜਾਵੇਗਾ।
- ਸਲਾਨਾ ਨਤੀਜੇ ਵਿੱਚ ਪੂਰੇ ਮਹੀਨਿਆ ਦੀ ਪ੍ਰਾਪਤੀ ਨੂੰ ਜੋ ਕਿ ਔਸਤ ਮਾਸਿਕ ਗ੍ਰੇਡ ਵਿੱਚ ਹੋਵੇਗਾ, ਪੂਰੇ ਵਰ੍ਹੇ ਦੇ ਔਸਤ ਗ੍ਰੇਡ ਵਿੱਚ ਤਬਦੀਲ ਕਰਕੇ ਦਰਸਾਇਆ ਜਾਵੇਗਾ।
- ਮੁਲਾਂਕਣ ਕਰਦੇ ਸਮੇਂ ਹਾਂ ਪੱਖੀ ਟਿੱਪਣੀ ਕੀਤੀ ਜਾਵੇ। ਅਧਿਆਪਕ ਇੱਕ ਬੱਚੇ/ਬੱਚੀ ਦੀ ਤੁਲਨਾ ਕਿਸੇ ਦੂਜੇ ਬੱਚੇ/ਬੱਚੀ ਨਾਲ ਨਹੀਂ ਕਰੇਗਾ। ਮਾਂ ਬਾਪ ਨੂੰ ਉਹਨਾਂ ਦੇ ਬੱਚੇ/ਬੱਚੀਆਂ ਦੀ ਕਾਰਗੁਜ਼ਾਰੀ ਬਾਰੇ ਸਮੇਂ ਸਿਰ ਸੂਚਨਾ ਦਿੱਤੀ ਜਾਵੇ।
- ਜਿਹੜੇ ਬੱਚੇ ਮੁਲਾਂਕਣ ਸਮੇਂ ਕਿਸੇ ਵੀ ਕਾਰਨ ਸਕੂਲੋਂ ਗੈਰ ਹਾਜ਼ਰ ਹੋ ਜਾਂਦੇ ਹਨ, ਉਹਨਾਂ ਦਾ ਮੁਲਾਂਕਣ ਕਿਸੇ ਹੋਰ ਦਿਨ ਜਰੂਰ ਕੀਤਾ ਜਾਵੇ।

## ਗ੍ਰੇਡ ਦੇਣਾ

**ਬੱਚੇ/ਬੱਚੀ ਦੇ ਪ੍ਰਗਤੀ ਰਜਿਸਟਰ/ਪ੍ਰਗਤੀ ਕਾਰਡ ਵਿੱਚ ਵਿਸ਼ਾ ਵਾਰ ਪ੍ਰਾਪਤੀ ਲਈ ਹੇਠ ਲਿਖੇ ਅਨੁਸਾਰ ਗਰੇਡ ਵਰਤੇ ਜਾਣਗੇ :-**

ਸਕੂਲ ਅੰਦਰ ਬੱਚਿਆਂ ਦਾ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਉਹਨਾਂ ਦੀ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਸੰਬੰਧੀ ਕਾਰਗੁਜ਼ਾਰੀ ਅਤੇ ਸਿੱਖਿਆ ਸਹਾਇਕ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਦੀ ਜਾਂਚ ਕਰਨ ਲਈ ਕੀਤਾ ਜਾਂਦਾ ਹੈ।ਲਗਾਤਾਰ ਸਮੁੱਚਾ ਮੁਲਾਂਕਣ ਦੋ ਖੇਤਰਾਂ ਵਿੱਚ ਹੁੰਦਾ ਹੈ:

1. ਸਿੱਖਿਆ ਦਾ ਖੇਤਰ
2. ਸਿੱਖਿਆ ਸਹਾਇਕ ਗਤੀਵਿਧੀਆਂ ਦਾ ਖੇਤਰ

**ਸਿੱਖਿਆ ਸਹਾਇਕ ਗਤੀਵਿਧੀਆਂ ਦੇ ਖੇਤਰ ਦੇ ਵੀ ਦੋ ਹਿੱਸੇ ਹਨ:**

1. ਸਿੱਖਿਆ ਸਹਾਇਕ ਅਤੇ ਸੱਭਿਆਚਾਰਿਕ ਕ੍ਰਿਆਵਾਂ
2. ਵਿਅਕਤੀਗਤ ਅਤੇ ਸਮਾਜਿਕ ਗੁਣ

ਸਿੱਖਿਆ ਖੇਤਰ ਵਿੱਚ ਦਰਜਾਬੰਦੀ: ਬੱਚੇ/ਬੱਚੀਆਂ ਦੀ ਅਕਾਦਮਿਕ ਖੇਤਰ ਵਿੱਚ ਪ੍ਰਾਪਤੀਆਂ ਦਾ ਮੁਲਾਂਕਣ ਕਰਨ ਹਿਤ ਕਈ ਤਰ੍ਹਾਂ ਦੀਆਂ ਤਕਨੀਕਾਂ ਵਰਤੀਆਂ ਜਾਂਦੀਆਂ ਹਨ ਜਿਵੇਂ ਜ਼ੁਬਾਨੀ/ਲਿਖਤੀ ਮੁਲਾਂਕਣ, ਪ੍ਰਾਜੈਕਟ, ਪ੍ਰਤੀ ਕਾਰਜ (assignments) ਦੇਣੇ ਆਦਿ। ਆਮਤੌਰ ਤੇ ਇਸ ਖੇਤਰ ਦੀ ਜਾਂਚ ਅੰਕ ਦੇ ਕੇ ਕੀਤੀ ਜਾਂਦੀ ਹੈ ।ਉਪਰੰਤ ਇਹਨਾਂ ਅੰਕਾਂ ਨੂੰ ਪੂਰਨ ਦਰਜਾਬੰਦੀ (Absolute Grading) ਵਿਧੀ ਨਾ਼ਲ ਦਰਜਿਆਂ ਵਿੱਚ ਤਬਦੀਲ ਕੀਤਾ ਜਾਂਦਾ ਹੈ ।ਭਿੰਨ ਭਿੰਨ ਚਰਨਾਂ ਤੇ ਦਰਜਿਆਂ ਲਈ ਵਰਤੇ ਜਾਂਦੇ ਸਕੇਲ ਹੇਠ ਲਿਖੇ ਅਨੁਸਾਰ ਹੁੰਦੇ ਹਨ:

| **ਸੈਕਸ਼ਨ** | **ਸਕੇਲ** |
|---|---|
| ਪ੍ਰਾਇਮਰੀ | 5 ਪਵਾਂਇੰਟ |
| ਅੱਪਰ ਪ੍ਰਾਇਮਰੀ | 5 ਪਵਾਂਇੰਟ |

ਪ੍ਰਾਇਮਰੀ/**ਅੱਪਰ ਪ੍ਰਾਇਮਰੀ** ਪੱਧਰ ਤੇ ਪੂਰਨ ਦਰਜਾਬੰਦੀ

**ਸਕੇਲ: ਪੰਜ ਪਵਾਂਇੰਟ ਸਕੇਲ**

| **ਲੜੀ ਨੰ.** | **ਅੰਕਾਂ ਦੀ ਰੇਂਜ** | **ਗਰੇਡ** | **ਵਿਵਰਨ** |
|---|---|---|---|
| 1 | 80-100% | ਏ | ਉੱਤਮ |
| 2 | 65-79% | ਬੀ | ਬਹੁਤ ਅੱਛਾ |
| 3 | 50-64% | ਸੀ | ਅੱਛਾ |
| 4 | 35-49% | **ਡੀ** | ਔਸਤ |
| 5 | 0-34% | **ਈ** | ਅਸੰਤੋਖਜਨਕ |

**ਸਹਿਵਿੱਦਿਅਕ ਗਤੀਵਿਧੀਆਂ ਦਾ ਮੁਲਾਂਕਣ:-**

ਸਿੱਖਿਆ ਸਹਾਇਕ ਗਤੀਵਿਧੀਆਂ ਦੇ ਖੇਤਰ ਵਿੱਚ ਦਰਜਾਬੰਦੀ (Grading) ਸਿੱਧੇ ਤੌਰ ਤੇ ਹੀ ਕੀਤੀ ਜਾਂਦੀ ਹੈ ਭਾਵ ਇਸ ਵਿਧੀ ਰਾਹੀਂ ਅੰਕ ਦੇ ਕੇ ਉਹਨਾਂ ਨੂੰ ਗਰੇਡ ਵਿੱਚ ਨਹੀਂ ਬਦਲਿਆ ਜਾਂਦਾ।ਅਜਿਹੀ ਦਰਜਾਬੰਦੀ ਦੋਵੇਂ ਸਿੱਖਿਆ ਸਹਾਇਕ ਗਤੀਵਿਧੀਆਂ ਅਤੇ ਸਮਾਜੀ-ਵਿਅਕਤੀਗਤ ਗੁਣਾਤਮਿਕਤਾ (Social Personal Qualities) ਲਈ ਕੀਤੀ ਜਾਂਦੀ ਹੈ।ਇਹਨਾਂ ਖੇਤਰਾਂ ਵਿੱਚ ਗ੍ਰੇਡਿੰਗ ਦੀ ਪ੍ਰਕ੍ਰਿਆ ਹੇਠ ਲਿਖੇ ਅਨੁਸਾਰ ਹੈ:

| **ਗ੍ਰੇਡ** |
|---|
| ਏ |
| ਬੀ |
| ਸੀ |

**<u>ਮੁਲਾਂਕਣ ਦੀਆਂ ਤਕਨੀਕਾਂ</u>:-**

ਲਗਾਤਾਰ ਅਤੇ ਸਮੁੱਚੇ ਮੁਲਾਂਕਣ ਲਈ ਕਈ ਤਰ੍ਹਾਂ ਦੇ ਉਪਕਰਨ (Tools) ਅਤੇ ਤਕਨੀਕਾਂ ਵਰਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਬੱਚੇ/ਬੱਚੀਆਂ ਦੇ ਗਿਆਨ, ਸਮਝ, ਸਿੱਖੀ ਹੋਈ ਕੁਸ਼ਲਤਾ ਨੂੰ ਰੋਜਾਨਾ ਜੀਵਨ ਵਿੱਚ ਵਰਤਣਾ, ਉਸਦੀ ਪੜਚੋਲ ਕਰਨ (analyzing), ਉਸ ਦਾ ਮੁਲਾਂਕਣ ਕਰਨ ਅਤੇ ਉਸਦੀ ਸਹਾਇਤਾ ਨਾਲ ਕੋਈ ਨਵੀਂ ਕ੍ਰਿਆ ਕਰਨ ਦਾ ਪਤਾ ਲਗਦਾ ਹੈ।

1) **<u>ਨਿਰੀਖਣ (ਆਬਜ਼ਰਵੇਸ਼ਨ)</u>:-** ਬੱਚੇ/ਬੱਚੀਆਂ ਦੀ ਸਿੱਖਣ ਪ੍ਰਕ੍ਰਿਆ ਅਤੇ ਸਮਝ ਬਾਰੇ ਜਾਣਕਾਰੀ ਕੁਦਰਤੀ ਢੰਗ ਨਾਲ਼ ਉਹਨਾਂ ਵਿੱਚ ਵਿਚਰਦੇ ਹੋਏ ਅਤੇ ਪੜ੍ਹਾਉਂਦੇ ਸਮੇਂ ਉਹਨਾਂ ਦੇ ਹਾਵ ਭਾਵ ਦੇਖ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।ਇਹੋ ਨਿਰੀਖਣ ਹੈ। **ਇਸ ਦੌਰਾਨ ਬੱਚੇ ਦੀ ਇਹ ਕਾਰਗੁਜ਼ਾਰੀ ਦੇਖੀ ਜਾਵੇਗੀ:**

- **<u>ਜੁਬਾਨੀ ਕੰਮ</u>:- ਇਸ ਤਰ੍ਹਾਂ ਦਾ ਮੁਲਾਂਕਣ ਗੱਲਬਾਤ ਰਾਹੀਂ ਕੀਤਾ ਜਾਂਦਾ ਹੈ।**
- **<u>ਲਿਖਤੀ ਕੰਮ</u>:-** ਤਿੰਨ ਤਰ੍ਹਾਂ ਦਾ ਹੋ ਸਕਦਾ ਹੈ: **ਮੂੰਹ ਜੁਬਾਨੀ ਲਿਖਣਾ ਜਾਂ ਸੁਣ ਕੇ ਲਿਖਣਾ ਜਾਂ ਵੇਖ ਕੇ ਲਿਖਣਾ।**
- **<u>ਘਰ ਦਾ ਕੰਮ</u>:-** ਇਸ ਤਕਨੀਕ ਰਾਹੀਂ ਮੁਲਾਂਕਣ ਕਰਨ ਹਿਤ ਘਰ ਦੇ ਕੰਮ ਦੇ ਰੂਪ ਵਿੱਚ ਵਿਸ਼ਾ ਵਸਤੂ ਤੇ ਅਧਾਰਿਤ ਕੰਮ ਪਾਠ ਪੁਸਤਕਾਂ, ਅਭਿਆਸ ਪੁਸਤਕਾਂ ਅਤੇ

ਵਰਕਸ਼ੀਟਾਂ ਤੋਂ ਬਾਅਦ ਦੇ ਪ੍ਰਸੰਗਾਂ ਤੇ ਵੀ ਆਧਾਰਿਤ ਹੋ ਸਕਦਾ ਹੈ। ਇਸ ਤਕਨੀਕ ਰਾਹੀਂ ਵਿਦਿਆਰਥੀਆਂ ਨੂੰ ਸੂਚਨਾਵਾਂ ਦੀ ਖੋਜ ਕਰਨ, ਆਪਣੇ ਵਿਚਾਰਾਂ ਨੂੰ ਸਿਰਜਣ ਅਤੇ ਉਹਨਾਂ ਹੀ ਵਿਚਾਰਾਂ ਨੂੰ ਮੌਖਿਕ ਜਾਂ ਲਿਖਤ ਰੂਪ ਵਿੱਚ ਦੱਸਣ ਦੇ ਮੌਕੇ ਮਿਲਦੇ ਹਨ। ਵਿਦਿਆਰਥੀਆਂ ਨੂੰ ਘਰ ਦਾ ਕੰਮ ਓਨਾ ਹੀ ਦਿੱਤਾ ਜਾਵੇ ਜਿੰਨਾ ਕਿ ਉਹ ਆਪ ਕਰ ਲੈਣ। ਅਜਿਹਾ ਨਾ ਹੋਵੇ ਕਿ ਉਹ ਜ਼ਿਆਦਾ ਕੰਮ ਕਰ ਨਾ ਸਕਣ ਅਤੇ ਅਧਿਆਪਕ ਲਈ ਮੁਲਾਂਕਣ ਕਰਨਾ ਮੁਸ਼ਕਿਲ ਹੋ ਜਾਵੇ।

- **ਪ੍ਰਾਜੈਕਟ:-** ਇਹਨਾਂ ਰਾਹੀਂ ਬੱਚੇ/ਬੱਚੀ ਦੀ ਉਸਾਰੂ ਸੋਚ ਦਾ ਮੁਲਾਂਕਣ ਸੌਖਿਆ ਹੀ ਕੀਤਾ ਜਾ ਸਕਦਾ ਹੈ। ਬੱਚਿਆਂ ਨੂੰ ਇਹਨਾਂ ਪ੍ਰਾਜੈਕਟਾਂ ਰਾਹੀਂ ਅੰਕੜੇ ਇਕੱਤਰ ਕਰਕੇ ਇਹਨਾਂ ਦਾ ਵਿਸ਼ਲੇਸ਼ਣ ਕਰਵਾਇਆ ਜਾਵੇ। ਸਾਰ ਤੱਤ(theme) ਆਧਾਰਿਤ ਸਿੱਖਣ ਪ੍ਰਕ੍ਰਿਆ ਦੌਰਾਨ ਪ੍ਰਾਜੈਕਟ ਖੋਜਬੀਨ ਕਰਨ, ਹੱਥੀਂ ਕੰਮ ਕਰਨ, ਅੰਕੜੇ ਇਕੱਠਾ ਕਰਨ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨ ਆਦਿ ਦੇ ਮੌਕੇ ਮਿਲਦੇ ਹਨ। ਪ੍ਰਾਜੈਕਟਾਂ ਰਾਹੀਂ ਪ੍ਰਾਪਤ ਗਿਆਨ ਦਾ ਲਗਾਤਾਰ ਮੁਲਾਂਕਣ ਕਰਨਾ ਸੌਖਾ ਹੁੰਦਾ ਹੈ। ਪ੍ਰਾਜੈਕਟਾਂ ਲਈ ਵਰਤੀ ਜਾਣ ਵਾਲੀ ਸਮੱਗਰੀ ਇਸ ਤਰ੍ਹਾਂ ਦੀ ਹੋਵੇ ਕਿ ਉਸ ਦੀ ਖਰੀਦ ਲਈ ਮਾਂ ਬਾਪ ਤੇ ਆਰਥਿਕ ਬੋਝ ਨਾ ਪਵੇ।

2) **ਯੋਗਤਾ ਨਿਰਧਾਰਨ ਪ੍ਰਣਾਲੀ (ਰੇਟਿੰਗ ਸਕੇਲ):-** ਇਹਨਾਂ ਦਾ ਇਸਤੇਮਾਲ ਵਿਦਿਆਰਥੀਆਂ ਦੇ ਕੰਮ ਦੀ ਗੁਣਵੱਤਾ ਦਰਜ ਕਰਨ ਲਈ ਕੀਤਾ ਜਾਂਦਾ ਹੈ ਜੋ ਕਿ ਇੱਕ ਇੱਕ ਕੰਮ ਦੇ ਨਿੱਕੇ ਨਿੱਕੇ ਹਿੱਸੇ ਦੀ ਵੀ ਲਗਾਤਾਰ ਜਾਂਚ ਸਮੁੱਚੇ ਰੂਪ ਵਿੱਚ ਕਰਦਾ ਹੈ। ਉਦਾਹਰਨ ਵਜੋਂ:

**ਲਿਖਣ ਕੁਸ਼ਲਤਾ:**

- ਕਿ ਵੇਖ ਕੇ ਸਹੀ ਲਿਖਦਾ/ਲਿਖਦੀ ਹੈ;
- ਕਿ ਸ਼ਬਦ ਜੋੜ ਬਿਲਕੁਲ ਸਹੀ ਹਨ;
- ਕਿ ਵਰਨਾਂ ਦੀ ਬਣਤਰ ਠੀਕ ਹੈ;
- ਕਿ ਵਾਕ ਰਚਨਾ ਸਹੀ ਕਰਦਾ/ਕਰਦੀ ਹੈ;
- ਕਿ ਸੁਣ ਕੇ ਸਹੀ ਲਿਖਦਾ/ਲਿਖਦੀ ਹੈ; ...... ਆਦਿ।

3) **ਪ੍ਰਾਪਤੀਆਂ ਦਾ ਸੰਗ੍ਰਹਿ (Portfolio):-** ਸਮੇਂ ਦੀ ਇੱਕ ਨਿਸ਼ਚਿਤ ਸੀਮਾ ਵਿੱਚ ਵਿਦਿਆਰਥੀ ਰਾਹੀਂ ਕੀਤੇ ਗਏ ਕੰਮਾਂ ਦਾ ਸੰਗ੍ਰਹਿ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ਼ ਉਹਨਾਂ ਦੀ ਮੌਜੂਦਾ ਪ੍ਰਗਤੀ ਦਾ ਮਿਲਾਨ ਬੀਤੇ ਸਮੇਂ ਨਾਲ਼ ਕਰਕੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਜਿਉਂ ਜਿਉਂ ਉਹਨਾਂ ਦੇ ਮੁਲਾਂਕਣ ਲਈ ਸਮੱਗਰੀ ਵੱਧਦੀ ਰਹਿੰਦੀ ਹੈ, ਉਹਨਾਂ ਦਾ ਹੋਰ ਵਧੇਰੇ ਸਿੱਖਣ ਦਾ **ਜਜ਼ਬਾ** ਵੀ ਵੱਧਦਾ ਹੈ।

**ਨਿਰੀਖਣ (observation) ਦੇ ਲਾਭ:-**

- ਇਸ ਨਾਲ਼ ਬੱਚੇ/ਬੱਚੀਆਂ ਦੇ ਵਿਅਕਤੀਤਵ ਦੇ ਵਿਕਾਸ ਦੇ ਕਈ ਪੱਖਾਂ ਨੂੰ ਵਿਚਾਰਿਆ ਜਾ ਸਕਦਾ ਹੈ।
- ਇਸ ਤਕਨੀਕ ਰਾਹੀਂ ਇਕੱਲੇ ਬੱਚੇ/ਬੱਚੀ ਜਾਂ ਪੂਰੇ ਸਮੂਹ ਦੀ ਕਾਰਗੁਜ਼ਾਰੀ ਨੂੰ ਦੇਖਿਆ ਜਾ ਸਕਦਾ ਹੈ।
- ਜਾਂਚ ਵੱਖ ਵੱਖ ਸਮੇ ਦੌਰਾਨ ਕੀਤੀ ਜਾ ਸਕਦੀ ਹੈ।
- ਬੱਚੇ/ਬੱਚੀਆਂ ਦੀ ਕਾਰਗੁਜ਼ਾਰੀ / ਸਮਝ ਦਾ ਰਿਕਾਰਡ 'On the Spot' ਰਿਕਾਰਡ ਤੇ ਆਧਾਰਿਤ ਹੁੰਦਾ ਹੈ।
- ਸਮਾਂ ਰਹਿੰਦਿਆਂ ਬੱਚੇ/ਬੱਚੀਆਂ ਦੇ ਵਿਵਹਾਰ ਅੰਦਰ ਉਹਨਾਂ ਦੀਆਂ ਰੁਚੀਆਂ, ਦਰਪੇਸ਼ ਚੁਣੌਤੀਆਂ ਆਦਿ ਨੂੰ ਪਰਖਿਆ ਜਾ ਸਕਦਾ ਹੈ ਜਿਸ ਨਾਲ਼ ਅਧਿਆਪਕ ਦੇ ਦਿਮਾਗ ਵਿੱਚ ਬੱਚੇ ਦੇ ਵਿਵਹਾਰ ਆਦਿ ਦਾ ਖਾਕਾ ਤਿਆਰ ਹੋ ਜਾਂਦਾ ਹੈ।

**ਜਾਂਚ ਸੂਚੀ (ਚੈੱਕ ਲਿਸਟ):-** (ਨਿਰੀਖਣ ਲਈ ਵੱਖ ਵੱਖ ਵਿਸ਼ਿਆਂ ਦੀ ਜਾਂਚ ਸੂਚੀ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ)

**ਭਾਸ਼ਾ : (ਸੰਵਾਦ)**

- ਕੀ ਬੱਚੇ/ਬੱਚੀ ਨੂੰ ਵਿਸ਼ੇ ਵਸਤੂ ਦੀ ਪੂਰੀ ਸਮਝ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਆਪਣੇ ਵਿਚਾਰਾਂ ਨਾਲ ਦੂਜਿਆਂ ਨੂੰ ਸਹਿਜੇ ਹੀ ਰਾਜ਼ੀ ਕਰ ਲੈਂਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਦਾ ਉਚਾਰਣ ਸਹੀ ਹੈ ਤੇ ਉਹ ਧਾਰਾ ਪ੍ਰਵਾਹ ਢੰਗ ਨਾਲ ਬੋਲਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਕਿਸੇ ਨੁਕਤੇ ਦਾ ਵਿਰੋਧ ਕਰਨ ਦੇ ਸਮਰੱਥ ਹਨ? ਹਾਂ/ਨਾਂਹ

- ਕੀ ਬੱਚੇ/ਬੱਚੀਆਂ ਆਪਣੇ ਪ੍ਰਤੀ ਹੋ ਰਹੀ ਅਲੋਚਨਾ ਨੂੰ ਸਹਿਜੇ ਹੀ ਲੈਂਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਅੰਦਰ ਮੋਹਰੀ ਰਹਿਣ ਦੀ ਭਾਵਨਾ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਆਪਣਾ ਰੋਲ ਪੂਰੀ ਤਰ੍ਹਾਂ ਨਿਭਾ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਆਪਣੇ ਗਰੁੱਪ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਵਾਦ-ਵਿਵਾਦ ਦੌਰਾਨ ਉਚਿਤ ਸਰੀਰਕ ਸੰਕੇਤਾਂ ਦੀ ਵਰਤੋਂ ਕਰਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਵਾਜਬ ਪ੍ਰਸ਼ਨ ਉਠਾਉਂਦੇ ਹਨ? ਹਾਂ/ਨਾਂਹ

**ਸਮਾਜਿਕ ਵਿਗਿਆਨ:**

- ਕੀ ਬੱਚੇ/ਬੱਚੀਆਂ ਕੋਲ ਸਥਿਤੀ ਬਾਰੇ ਭਰਪੂਰ ਗਿਆਨ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਨੂੰ ਵਿਸ਼ੇ ਦੀ ਪੂਰੀ ਸਮਝ ਅਤੇ ਕ੍ਰਿਆਤਮਿਕ ਕੁਸ਼ਲਤਾ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਕੋਲ ਤਤਕਾਲੀ ਮਸਲਿਆਂ ਨੂੰ ਸੁਲਝਾਉਣ ਲਈ ਵਾਜਬ ਤਰੀਕੇ ਹਨ? ਹਾਂ/ਨਾਂਹ
- ਕੀਬੱਚੇ/ਬੱਚੀਆਂ ਅੰਦਰ ਲੀਡਰਸ਼ਿਪ ਦੀ ਕੁਸ਼ਲਤਾਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਆਪਣੇ ਪ੍ਰਤੀ ਹੋ ਰਹੀ ਅਲੋਚਨਾ ਨੂੰ ਸਹਿਜੇ ਹੀ ਲੈਂਦੇ ਹਨ? ਹਾਂ/ਨਾਂਹ

**ਵਿਗਿਆਨ:**

- ਕੀ ਬੱਚੇ/ਬੱਚੀਆਂ ਕਿਸੇ ਗਤੀਵਿਧੀ ਦਾ ਨਿਚੋੜ ਕੱਢ ਸਕਣ ਵਿੱਚ ਸਮਰੱਥ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਤਰਕ ਪੂਰਨ ਢੰਗ ਨਾਲ ਸੋਚ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਪ੍ਰਯੋਗ ਕੀਤੇ ਜਾਣ ਵਾਲੇ ਯੰਤਰ (appratus) ਨੂੰ ਠੀਕ ਢੰਗ ਨਾਲ ਸੈੱਟ ਕਰ ਸਕਦੇ ਹਨ? ਹਾਂ/ਨਾਂਹ

- ਕੀ ਬੱਚੇ/ਬੱਚੀਆਂ ਪ੍ਰਯੋਗ ਕਰਦੇ ਸਮੇਂ ਕੋਈ ਖਾਸ ਤਕਨੀਕ ਵਰਤ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਕੱਢੇ ਗਏ ਨਤੀਜੇ ਦਾ ਵਰਨਣ ਕਰ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਸਿਧਾਂਤਕ ਗਿਆਨ ਨੂੰ ਪ੍ਰਯੋਗੀ ਸਥਿਤੀ ਵਿੱਚ ਬਦਲ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਜ਼ੁਬਾਨੀ ਲਈ ਪਰੀਖਿਆ ਸਮੇਂ ਪ੍ਰਸ਼ਨ ਦੀ ਡੂੰਘਾਈ ਤੱਕ ਜਾਂਦੇ ਹਨ? ਹਾਂ/ਨਾਂ

**ਗਣਿਤ:**

- ਕੀ ਬੱਚੇ/ਬੱਚੀਆਂ ਨੂੰ ਗਣਿਤਕ ਸੰਕਲਪ ਦੀ ਚੰਗੀ ਸਮਝ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਨੇ ਬਿਲਕੁਲ ਪਵਾਂਇੰਟ ਅਨੁਸਾਰ ਜਵਾਬ ਦਿੱਤਾ ਹੈ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਇਬਾਰਤ ਦਾ ਗਣਿਤਕ ਰੂਪ ਵਿੱਚ ਵਰਨਣ ਕਰ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਪ੍ਰਸਤੁੱਤ ਕੀਤੇ ਗਏ ਡਾਟੇ ਦਾ ਵਰਨਣ ਕਰ ਸਕਦੇ ਹਨ? ਹਾਂ/ਨਾਂਹ
- ਕੀ ਬੱਚੇ/ਬੱਚੀਆਂ ਠੀਕ ਢੰਗ ਨਾਲ਼ ਸਟੈੱਪ ਅਨੁਸਾਰ ਸਵਾਲ ਹਲ ਕਰ ਸਕਦੇ ਹਨ? ਹਾਂ/ਨਾਂਹ

**ਇਸ ਤਰ੍ਹਾਂ ਉਪਰੋਕਤ ਅਨੁਸਾਰ ਸਮੁੱਚੇ ਮੁਲਾਂਕਣ ਦੇ ਸੰਦਰਭ ਵਿੱਚ ਦਿੱਤੇ ਵਰਨਣ ਦੀ ਮਦਦ ਨਾਲ ਵਿਦਿਆਰਥੀਆਂ ਦਾ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਇਸ ਤਰ੍ਹਾਂ ਕੀਤਾ ਜਾਣਾ ਸੰਭਵ ਹੋਵੇਗਾ ਜਿਸ ਨਾਲ ਉਹਨਾਂ ਤੇ ਬੋਝ ਨਹੀਂ ਪਵੇਗਾ, ਉਹਨਾਂ ਨੂੰ ਪਰੀਖਿਆ ਦਾ ਡਰ ਨਹੀਂ ਸਤਾਵੇਗਾ ਅਤੇ ਉਹ ਬੇਖੌਫ਼ ਹੋ ਕੇ ਕਿਰਿਆਵਾਂ ਕਰਦੇ ਹੋਏ ਐਲੀਮੈਂਟਰੀ ਪੱਧਰ ਦੀ ਸਕੂਲੀ ਸਿੱਖਿਆ ਪੂਰੀ ਕਰ ਲੈਣਗੇ।**

**<u>ਸਹਾਇਕ ਪੁਸਤਕਾਂ ਦੀ ਸੂਚੀ</u>**

1. Source Books on Assessment, NCERT
2. Hand Book on Continuous And Comprehensive Evaluation (For Elementary School Teachers)

DEC-Sarva Shiksha Abhiyan, IGNOU 2006

3. CBSE Continuous Comprehensive Evaluation (CCE)
4. Comprehensive Evaluation of a full-day kindergarten
   By- James Elicker and Sangeeta Mathur